Punjabi | ਪੰਜਾਬੀ

# ਬਾਲ ਸੁਰੱਖਿਆ ਮਿਆਰਾਂ (Child Safe Standards) ਲਈ ਸੰਖੇਪ ਗਾਈਡ

ਸੰਸਕਰਣ 1.10 • ਅਪ੍ਰੈਲ 2023

COMMISSION FOR CHILDREN AND YOUNG PEOPLE

ਬੱਚਿਆਂ ਅਤੇ ਯੁਵਾਵਾਂ ਲਈ ਕਮਿਸ਼ਨ (Commission for Children and Young People)

# ਤਤਕਰਾ


ਪਿਛੋਕੜ ..... 3

ਇਸ ਗਾਈਡ ਦੀ ਵਰਤੋਂ ਕਿਵੇਂ ਕਰੀਏ ..... 4

ਮਿਆਰ 1: ਸੰਸਥਾਵਾਂ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਮਾਹੌਲ ਸਥਾਪਤ ਕਰਨ ਜਿਸ ਵਿੱਚ ਐਬੋਰਿਜ਼ਨਲ ਬੱਚਿਆਂ ਅਤੇ ਯੁਵਾਵਾਂ ਦੀਆਂ ਵਿਭਿੰਨ ਅਤੇ ਵਿਲੱਖਣ ਪਛਾਣਾਂ ਅਤੇ ਅਨੁਭਵਾਂ ਦਾ ਆਦਰ ਅਤੇ ਕਦਰ ਕੀਤਾ ਜਾਂਦਾ ਹੈ। ..... 6

ਮਿਆਰ 2: ਬਾਲ ਸੁਰੱਖਿਆ ਅਤੇ ਤੰਦਰੁਸਤੀ ਸੰਸਥਾਤਮਕ ਲੀਡਰਸ਼ਿਪ, ਪ੍ਰਸ਼ਾਸਨ ਅਤੇ ਸੱਭਿਆਚਾਰ ਵਿੱਚ ਸ਼ਾਮਲ ਹੈ ..... 12

ਮਿਆਰ 3: ਬੱਚਿਆਂ ਅਤੇ ਯੁਵਾਵਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਸ਼ਕਤੀ ਦਿੱਤੀ ਜਾਂਦੀ ਹੈ, ਉਹਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲਿਆਂ ਵਿੱਚ ਹਿੱਸਾ ਲੈਂਦੇ ਹਨ ਅਤੇ ਉਹਨਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ ..... 15

ਮਿਆਰ 4: ਬਾਲ ਸੁਰੱਖਿਆ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਲਈ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸੂਚਿਤ ਅਤੇ ਸ਼ਾਮਲ ਕੀਤਾ ਜਾਂਦਾ ਹੈ ..... 19

ਮਿਆਰ 5: ਇਕਸਮਾਨਤਾ ਨੂੰ ਬਰਕਰਾਰ ਰੱਖਿਆ ਜਾਂਦਾ ਹੈ ਅਤੇ ਨੀਤੀ ਅਤੇ ਕੰਮ ਕਰਨ ਦੇ ਤਰੀਕੇ ਵਿੱਚ ਵਿਭਿੰਨਤਾ ਦੀਆਂ ਲੋੜਾਂ ਦਾ ਸਨਮਾਨ ਕੀਤਾ ਜਾਂਦਾ ਹੈ ..... 22

ਮਿਆਰ 6: ਬੱਚਿਆਂ ਅਤੇ ਯੁਵਾਵਾਂ ਦੇ ਨਾਲ ਕੰਮ ਕਰਨ ਵਾਲੇ ਲੋਕ ਕੰਮ ਕਰਨ ਦੇ ਤਰੀਕੇ ਵਿੱਚ ਬਾਲ ਸੁਰੱਖਿਆ ਅਤੇ ਤੰਦਰੁਸਤੀ ਮੁੱਲਾਂ ਨੂੰ ਦਰਸਾਉਣ ਲਈ ਢੁੱਕਵੇਂ ਅਤੇ ਸਮਰਥਿਤ ਹਨ ..... 26

ਮਿਆਰ 7: ਸ਼ਿਕਾਇਤਾਂ ਅਤੇ ਚਿੰਤਾਵਾਂ ਲਈ ਪ੍ਰਕਿਰਿਆਵਾਂ ਬਾਲ-ਕੇਂਦਰਿਤ ਹੁੰਦੀਆਂ ਹਨ ..... 30

ਮਿਆਰ 8: ਸਟਾਫ਼ ਅਤੇ ਵਲੰਟੀਅਰ ਨਿਰੰਤਰ ਸਿੱਖਿਆ ਅਤੇ ਸਿਖਲਾਈ ਦੁਆਰਾ ਬੱਚਿਆਂ ਅਤੇ ਯੁਵਾਵਾਂ ਨੂੰ ਸੁਰੱਖਿਅਤ ਰੱਖਣ ਲਈ ਗਿਆਨ, ਹੁਨਰ ਅਤੇ ਜਾਗਰੂਕਤਾ ਨਾਲ ਲੈਸ ਹਨ ..... 34

ਮਿਆਰ 9: ਅਸਲ ਅਤੇ ਔਨਲਾਈਨ ਮਾਹੌਲ ਸੁਰੱਖਿਆ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਦੇ ਹਨ ਜਦੋਂ ਕਿ ਬੱਚਿਆਂ ਅਤੇ ਯੁਵਾਵਾਂ ਨੂੰ ਨੁਕਸਾਨ ਪਹੁੰਚਾਉਣ ਦੇ ਮੌਕੇ ਨੂੰ ਘੱਟ ਕਰਦੇ ਹਨ ..... 37

ਮਿਆਰ 10: ਬਾਲ ਸੁਰੱਖਿਆ ਮਿਆਰਾਂ ਨੂੰ ਲਾਗੂ ਕਰਨ ਦੀ ਨਿਯਮਤ ਤੌਰ 'ਤੇ ਸਮੀਖਿਆ ਕੀਤੀ ਜਾਂਦੀ ਹੈ ਅਤੇ ਸੁਧਾਰਿਆ ਜਾਂਦਾ ਹੈ ..... 40

ਮਿਆਰ 11: ਨੀਤੀਆਂ ਅਤੇ ਪ੍ਰਕਿਰਿਆਵਾਂ ਵਿੱਚ ਦਸਤਾਵੇਜ਼ੀਕਰਨ ਹੈ ਕਿ ਸੰਸਥਾ ਬੱਚਿਆਂ ਅਤੇ ਯੁਵਾਵਾਂ ਲਈ ਕਿਵੇਂ ਸੁਰੱਖਿਅਤ ਹੈ ..... 43

# ਪਿਛੋਕੜ

ਸਾਰੇ ਬੱਚਿਆਂ ਨੂੰ ਸੁਰੱਖਿਅਤ ਮਹਿਸੂਸ ਕਰਨ ਅਤੇ ਸੁਰੱਖਿਅਤ ਰਹਿਣ ਦਾ ਅਧਿਕਾਰ ਹੈ, ਪਰ ਸੁਰੱਖਿਆ ਆਪਣੇ-ਆਪ ਹੀ ਨਹੀਂ ਹੋ ਜਾਂਦੀ ਹੈ।

ਹਾਲ ਹੀ ਦੇ ਸਾਲਾਂ ਵਿੱਚ ਸਾਨੂੰ ਬਹੁਤ ਸਾਰੇ ਸ਼ੋਸ਼ਣ ਤੋਂ ਬਚਣ ਵਿੱਚ ਕਾਮਯਾਬ ਹੋਏ ਲੋਕਾਂ ਅਤੇ ਕਈ ਜਾਂਚ-ਪੜਤਾਲਾਂ ਤੋਂ ਸਿੱਖਣ ਦਾ ਫ਼ਾਇਦਾ ਹੋਇਆ ਹੈ, ਜਿਸ ਵਿੱਚ ਵਿਕਟੋਰੀਆਈ ਪਾਰਲੀਮੈਂਟ ਦੀ *ਬਿਟ੍ਰੈਅਲ ਆਫ਼ ਟਰੱਸਟ (Betrayal of Trust)* ਜਾਂਚ[1] ਅਤੇ ਬਾਲ ਜਿਨਸੀ ਸ਼ੋਸ਼ਣ ਪ੍ਰਤੀ ਸੰਸਥਾਗਤ ਜਵਾਬੀ ਕਾਰਵਾਈ ਵਿੱਚ ਰੌਇਲ ਕਮਿਸ਼ਨ[2] (ਰੌਇਲ ਕਮਿਸ਼ਨ) ਸ਼ਾਮਿਲ ਹਨ। ਇਨ੍ਹਾਂ ਨੇ ਬੱਚਿਆਂ ਨੂੰ ਹੋਣ ਵਾਲੇ ਨੁਕਸਾਨ ਦੀ ਵਿਨਾਸ਼ਕਾਰੀ ਹੱਦ ਨੂੰ ਦਰਸਾਇਆ ਹੈ ਜਦੋਂ ਸੰਸਥਾਵਾਂ ਕੋਲ ਸ਼ੋਸ਼ਣ ਨੂੰ ਰੋਕਣ ਲਈ ਸਹੀ ਸੱਭਿਆਚਾਰ, ਪ੍ਰਣਾਲੀਆਂ, ਪ੍ਰਕਿਰਿਆਵਾਂ ਅਤੇ ਸਮਝ ਨਹੀਂ ਹੁੰਦੀ ਹੈ।

ਇੱਕ ਬਾਲ ਸੁਰੱਖਿਅਤ ਸੰਸਥਾ ਬੱਚਿਆਂ ਨੂੰ ਸਰੀਰਕ, ਜਿਨਸੀ, ਭਾਵਨਾਤਮਕ ਅਤੇ ਮਨੋਵਿਗਿਆਨਕ ਸ਼ੋਸ਼ਣ ਅਤੇ ਨਜ਼ਰਅੰਦਾਜ਼ ਕੀਤੇ ਜਾਣ ਤੋਂ ਬਚਾਉਣ ਲਈ ਸੋਚੀ ਸਮਝੀ ਨੀਤੀ ਅਨੁਸਾਰ ਕਦਮ ਚੁੱਕਦੀ ਹੈ। ਇਹ ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਪਹਿਲ ਦਿੰਦੀ ਹੈ ਅਤੇ ਸੰਸਥਾ ਦੇ ਹਰ ਪਹਿਲੂ ਵਿੱਚ ਬਾਲ ਸੁਰੱਖਿਆ ਪ੍ਰਤੀ ਵਚਨਬੱਧਤਾ ਨੂੰ ਸ਼ਾਮਲ ਕਰਦੀ ਹੈ।

ਵਿਕਟੋਰੀਆ ਦੇ ਲਾਜ਼ਮੀ ਬਾਲ ਸੁਰੱਖਿਆ ਮਿਆਰ (ਇਹ ਮਿਆਰ) 2016 ਤੋਂ ਲਾਗੂ ਹਨ।

ਰੌਇਲ ਕਮਿਸ਼ਨ ਦੇ ਨਕਸ਼ੇ ਕਦਮਾਂ 'ਤੇ ਚਲਦੇ ਹੋਏ, ਵਿਕਟੋਰੀਆਈ ਸਰਕਾਰ ਨੇ ਵੀ ਇਨ੍ਹਾਂ ਮਿਆਰਾਂ ਦੀ ਸਮੀਖਿਆ ਕੀਤੀ ਹੈ।[3] ਇਸ ਸਮੀਖਿਆ ਨੂੰ ਇਨ੍ਹਾਂ ਮਿਆਰਾਂ ਲਈ ਮਜ਼ਬੂਤ ਸਮਰਥਨ ਹਾਸਿਲ ਹੋਇਆ ਅਤੇ ਇਨ੍ਹਾਂ ਮਿਆਰਾਂ ਨੂੰ 'ਬਾਲ ਸੁਰੱਖਿਅਤ ਸੰਸਥਾਵਾਂ ਲਈ ਰਾਸ਼ਟਰੀ ਸਿਧਾਂਤਾਂ (National Principles for Child Safe Organisation) ਦੇ ਨਾਲ ਬਿਹਤਰ ਢੰਗ ਨਾਲ ਇਕਸਾਰ ਕਰਨ ਲਈ ਅਤੇ ਇਨ੍ਹਾਂ ਮਿਆਰਾਂ ਦੇ ਸੰਚਾਲਨ ਨੂੰ ਮਜ਼ਬੂਤ ਕਰਨ ਲਈ ਕਈ ਤਬਦੀਲੀਆਂ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ।

2021 ਵਿੱਚ ਵਿਕਟੋਰੀਆ ਸਰਕਾਰ ਦੁਆਰਾ ਇਨ੍ਹਾਂ ਸਿਫ਼ਾਰਸ਼ਾਂ ਦੇ ਨਾਲ ਇਕਸਾਰਤਾ ਰੱਖਣ ਵਾਲੇ ਨਵਿਆਏ (ਅੱਪਡੇਟ ਕੀਤੇ) ਗਏ ਮਿਆਰ ਜਾਰੀ ਕੀਤੇ ਗਏ ਸਨ। ਉਨ੍ਹਾਂ ਵਿੱਚ 11 ਨਵਿਆਏ ਗਏ ਮਿਆਰ ਹਨ ਜੋ 1 ਜੁਲਾਈ 2022 ਤੋਂ ਲਾਗੂ ਹੋਏ ਹਨ।

ਇਨ੍ਹਾਂ ਮਿਆਰਾਂ ਨੂੰ ਲਾਗੂ ਕਰਨ ਵਿੱਚ, ਸੰਸਥਾਵਾਂ ਕੋਲ ਉਨ੍ਹਾਂ ਦੇ ਹੁਣ ਤੱਕ ਦੇ ਯਤਨਾਂ 'ਤੇ ਵਿਚਾਰ ਕਰਨ ਅਤੇ ਬੱਚਿਆਂ ਨੂੰ ਨੁਕਸਾਨ ਅਤੇ ਸ਼ੋਸ਼ਣ ਤੋਂ ਮੁਕਤ ਰੱਖਣ ਲਈ ਆਪਣੀ ਸਮਰੱਥਾ ਨੂੰ ਹੋਰ ਵਧਾਉਣਾ ਜਾਰੀ ਰੱਖਣ ਦਾ ਮੌਕਾ ਹੁੰਦਾ ਹੈ।

---

[1] ਪਰਿਵਾਰ ਅਤੇ ਭਾਈਚਾਰਕ ਵਿਕਾਸ ਕਮੇਟੀ (Family and Community Development Committee), ਵਿਕਟੋਰੀਆਈ ਪਾਰਲੀਮੈਂਟ, ਵਿਸ਼ਵਾਸ ਦਾ ਵਿਸ਼ਵਾਸਘਾਤ (ਬਿਟ੍ਰੈਅਲ ਆਫ਼ ਟਰੱਸਟ, Betrayal of Trust): ਧਾਰਮਿਕ ਅਤੇ ਹੋਰ ਗੈਰ-ਸਰਕਾਰੀ ਸੰਸਥਾਵਾਂ ਦੁਆਰਾ ਬਾਲ ਸ਼ੋਸ਼ਣ ਨਾਲ ਨਜਿੱਠਣ ਦੇ ਪ੍ਰਬੰਧਨ ਦੀ ਜਾਂਚ, ਵਿਕਟੋਰੀਆ 2013, 2: ਪੰਨਾ 262।

[2] ਆਸਟ੍ਰੇਲੀਆਈ ਰਾਸ਼ਟਰਮੰਡਲ, ਬਾਲ ਜਿਨਸੀ ਸ਼ੋਸ਼ਣ ਪ੍ਰਤੀ ਸੰਸਥਾਗਤ ਜਵਾਬੀ ਕਾਰਵਾਈ ਵਿੱਚ ਰੌਇਲ ਕਮਿਸ਼ਨ, 2017।

[3] ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ, ਵਿਕਟੋਰੀਆ ਦੇ ਬਾਲ ਸੁਰੱਖਿਆ ਮਿਆਰਾਂ ਦੀ ਸਮੀਖਿਆ , 2019।

# ਇਸ ਗਾਈਡ ਦੀ ਵਰਤੋਂ ਕਿਵੇਂ ਕਰੀਏ

ਇਹ ਗਾਈਡ ਸੰਖੇਪ ਰੂਪ ਵਿੱਚ ਹਰੇਕ ਮਿਆਰ ਦੀ ਰੂਪਰੇਖਾ, ਉਮੀਦ ਕੀਤੇ ਜਾਂਦੇ ਨਤੀਜਿਆਂ ਨੂੰ ਪਛਾਣਦੀ ਹੈ, ਪੂਰੀਆਂ ਕਰਨ ਯੋਗ ਘੱਟੋ-ਘੱਟ ਲੋੜਾਂ ਅਤੇ ਉਨ੍ਹਾਂ ਨਿਯਮ-ਕਾਨੂੰਨ ਪਾਲਣਾ ਸੂਚਕਾਂ ਕਰਨ ਬਾਰੇ ਦੱਸਦੀ ਹੈ ਜੋ ਸੰਸਥਾਵਾਂ ਨੂੰ ਹਰੇਕ ਮਿਆਰ ਦੀ ਪਾਲਣਾ ਕਰਨ ਵਿੱਚ ਮੱਦਦ ਕਰਨਗੇ। ਸੰਸਥਾਵਾਂ ਇਨ੍ਹਾਂ ਮਿਆਰਾਂ ਦੀ ਪਾਲਣਾ ਕਿਵੇਂ ਕਰ ਸਕਦੀਆਂ ਹਨ ਇਸ ਬਾਰੇ ਵਧੇਰੇ ਵਿਸਥਾਰ-ਪੂਰਵਕ ਮਾਰਗਦਰਸ਼ਨ ਬੱਚਿਆਂ ਅਤੇ ਯੁਵਾਵਾਂ ਲਈ ਕਮਿਸ਼ਨ (Commission for Children and Young People) ਦੀ ਬਾਲ ਸੁਰੱਖਿਅਤ ਸੰਸਥਾ ਬਣਾਉਣ ਲਈ ਇੱਕ ਗਾਈਡ (A guide for creating a Child Safe Organisation) ਵਿੱਚ ਸ਼ਾਮਲ ਕੀਤਾ ਗਿਆ ਹੈ।

ਹਰੇਕ ਮਿਆਰ ਨੂੰ ਇੱਕ ਉਮੀਦ ਕੀਤਾ ਜਾਂਦਾ **ਨਤੀਜਾ** ਪ੍ਰਾਪਤ ਕਰਨ ਦੇ ਕਥਨ ਵਜੋਂ ਦਰਸਾਇਆ ਗਿਆ ਹੈ ਜੋ ਸੰਸਥਾਵਾਂ ਵੱਲੋਂ ਪ੍ਰਾਪਤ ਕੀਤਾ ਜਾਣਾ ਲਾਜ਼ਮੀ ਹੈ। ਉਦਾਹਰਨ ਲਈ, ਮਿਆਰ 3 ਦੀ ਸ਼ਰਤ ਹੈ ਕਿ 'ਬੱਚਿਆਂ ਅਤੇ ਯੁਵਾਵਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਸ਼ਕਤੀ ਨਾਲ ਲੈਸ ਕੀਤਾ ਜਾਵੇ, ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲਿਆਂ ਵਿੱਚ ਹਿੱਸਾ ਲੈਣ ਦੀ ਸ਼ਕਤੀ ਦਿੱਤੀ ਜਾਵੇ ਅਤੇ ਉਨ੍ਹਾਂ ਨੂੰ ਗੰਭੀਰਤਾ ਨਾਲ ਲਿਆ ਜਾਵੇ'।

ਹਰੇਕ ਮਿਆਰ ਵਿੱਚ **ਘੱਟੋ-ਘੱਟ ਪੂਰੀਆਂ ਕਰਨ ਯੋਗ ਸ਼ਰਤਾਂ** ਸ਼ਾਮਲ ਹਨ ਜੋ ਸੰਸਥਾਵਾਂ ਵੱਲੋਂ ਪੂਰੀਆਂ ਕੀਤੀਆਂ ਜਾਣੀਆਂ ਲਾਜ਼ਮੀ ਹਨ। ਇਹ ਨਵੇਂ ਮਿਆਰ ਲਚਕਤਾ ਰੱਖਣ ਦੀ ਆਗਿਆ ਦਿੰਦੇ ਹੋਏ, ਉਦੇਸ਼ਿਤ ਨਤੀਜਿਆਂ ਨੂੰ ਪ੍ਰਾਪਤ ਕਰਨ ਵਿੱਚ ਸੰਸਥਾਵਾਂ ਦੀ ਮੱਦਦ ਕਰਨ ਲਈ ਵਧੇਰੇ ਮਾਰਗਦਰਸ਼ਨ ਪ੍ਰਦਾਨ ਕਰਦੇ ਹਨ।

ਹਰੇਕ ਮਿਆਰ ਲਈ, ਬੱਚਿਆਂ ਅਤੇ ਯੁਵਾਵਾਂ ਲਈ ਕਮਿਸ਼ਨ (ਇਸ ਕਮਿਸ਼ਨ) ਨੇ ਦਸਤਾਵੇਜ਼ਾਂ ਅਤੇ ਕਾਰਵਾਈਆਂ ਦੀ ਇੱਕ ਸੂਚੀ ਪ੍ਰਦਾਨ ਕੀਤੀ ਹੈ ਜੋ ਇਹ ਦਰਸਾਏਗੀ ਕਿ ਤੁਹਾਡੀ ਸੰਸਥਾ ਇਨ੍ਹਾਂ ਘੱਟੋ-ਘੱਟ ਪੂਰਾ ਕਰਨ ਯੋਗ ਸ਼ਰਤਾਂ ਨੂੰ ਪੂਰਾ ਕਰ ਰਹੀ ਹੈ ਜਾਂ ਨਹੀਂ। ਅਸੀਂ ਇਨ੍ਹਾਂ ਨੂੰ **ਨਿਯਮ-ਕਾਨੂੰਨ ਪਾਲਣਾ ਸੂਚਕ (Compliance indicators)** ਕਹਿੰਦੇ ਹਾਂ। ਇਨ੍ਹਾਂ ਨਿਯਮ-ਕਾਨੂੰਨ ਪਾਲਣਾ ਸੂਚਕਾਂ ਨੂੰ ਇਸ ਫੀਡਬੈਕ ਦੇ ਜਵਾਬ ਵਿੱਚ ਵਿਕਸਤ ਕੀਤਾ ਗਿਆ ਸੀ ਕਿ ਸੰਸਥਾਵਾਂ ਇਸ ਬਾਰੇ ਵਧੇਰੇ ਸਲਾਹ ਦੀ ਮੰਗ ਰਹੀਆਂ ਹਨ ਕਿ ਨਿਯਮ-ਕਾਨੂੰਨ ਪਾਲਣਾ ਦਾ ਮੁਲਾਂਕਣ ਕਰਨ ਵੇਲੇ ਰੈਗੂਲੇਟਰ (ਨਿਯੰਤ੍ਰਕ) (ਨਿਯਮ-ਕਾਨੂੰਨ ਪਾਲਣਾ ਕਰਵਾਉਣ ਵਾਲੇ) ਕੀ ਦੇਖਦੇ ਹਨ। ਇਹ ਨਿਯਮ-ਕਾਨੂੰਨ ਪਾਲਣਾ ਸੂਚਕ ਆਮ ਤੌਰ 'ਤੇ ਪੂਰਾ ਕਰਨ ਯੋਗ ਘੱਟੋ-ਘੱਟ ਸ਼ਰਤਾਂ ਵਿੱਚੋਂ ਇੱਕ ਜਾਂ ਵੱਧ ਨਾਲ ਮੇਲ ਖਾਂਦੇ ਹਨ, ਜੋ ਇਸ ਸੂਚਕ ਦੇ ਬਾਅਦ ਬਰੈਕਟਾਂ ਵਿੱਚ ਦਿਖਾਈਆ ਗਈਆਂ ਹਨ।

ਜੇਕਰ ਉਹ ਸੂਚੀਬੱਧ ਦਸਤਾਵੇਜ਼ ਤਿਆਰ ਕਰਦੇ ਹਨ ਅਤੇ ਹਰੇਕ ਚੈਪਟਰ ਵਿੱਚ ਦਿੱਤੇ ਗਏ **ਨਿਯਮ-ਕਾਨੂੰਨ ਪਾਲਣਾ ਸੂਚਕਾਂ** ਵਿੱਚ ਨਿਰਧਾਰਤ ਕਾਰਵਾਈਆਂ ਨੂੰ ਪੂਰਾ ਕਰਦੇ ਹਨ ਤਾਂ ਸੰਸਥਾਵਾਂ ਆਮ ਤੌਰ 'ਤੇ ਇਨ੍ਹਾਂ ਮਿਆਰਾਂ ਦੀ ਪਾਲਣਾ ਕਰ ਰਹੀਆਂ ਹੋਣਗੀਆਂ। ਹਾਲਾਂਕਿ, ਤੁਹਾਡੀ ਸੰਸਥਾ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੋਵੇਗੀ ਕਿ ਅਪਣਾਈ ਗਈ ਪਹੁੰਚ ਉਮੀਦ ਕੀਤੇ **ਨਤੀਜੇ** ਅਤੇ **ਪੂਰੀਆਂ ਕਰਨ ਯੋਗ ਘੱਟੋ-ਘੱਟ ਸ਼ਰਤਾਂ** ਨੂੰ ਹਾਸਿਲ ਕਰਦੀ ਹੈ, ਜਿਵੇਂ ਕਿ ਹਰੇਕ ਮਿਆਰ ਵਿੱਚ ਤੈਅ ਕੀਤਾ ਗਿਆ ਹੈ।

ਇਹ ਗਾਈਡ ਆਮ ਜਾਣਕਾਰੀ ਲਈ ਹੈ ਕਿਉਂਕਿ ਇਹ ਮਿਆਰ ਬਹੁਤ ਜ਼ਿਆਦਾ ਵਿਸ਼ਾਲ ਅਤੇ ਵਿਭਿੰਨ ਕਿਸਮਾਂ ਦੀਆਂ ਸੰਸਥਾਵਾਂ 'ਤੇ ਲਾਗੂ ਹੁੰਦੇ ਹਨ। ਤੁਹਾਡੀ ਸੰਸਥਾ ਦੇ ਸੁਭਾਅ ਜਾਂ ਵਿਸ਼ੇਸ਼ਤਾਵਾਂ ਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਨੂੰ ਇਸ ਗਾਈਡ ਵਿੱਚ ਪ੍ਰਸਤਾਵਿਤ ਚੀਜ਼ਾਂ ਤੋਂ ਕੁੱਝ ਵੱਖਰਾ ਕਰਨ ਦੀ ਲੋੜ ਹੈ। ਜੇਕਰ ਅਜਿਹਾ ਹੈ, ਤਾਂ ਤੁਹਾਨੂੰ ਇਹ ਦੱਸਣਾ ਪੈ ਸਕਦਾ ਹੈ ਕਿ ਤੁਹਾਡੀ ਪਹੁੰਚ **ਇਨ੍ਹਾਂ ਨਤੀਜਿਆਂ** ਅਤੇ ਮਿਆਰਾਂ ਦੀਆਂ **ਘੱਟੋ-ਘੱਟ ਲੋੜਾਂ** ਦੀ ਪਾਲਣਾ ਕਿਵੇਂ ਕਰਦੀ ਹੈ।

ਇਸ ਕਮਿਸ਼ਨ ਸਮੇਤ ਵਿਕਟੋਰੀਆ ਵਿੱਚ ਇਨ੍ਹਾਂ ਮਿਆਰਾਂ ਲਈ ਛੇ ਸਹਿ-ਰੈਗੂਲੇਟਰ (ਸਹਿ-ਨਿਯੰਤ੍ਰਕ) ਹਨ, ਅਤੇ ਤੁਸੀਂ ਕਮਿਸ਼ਨ ਦੀ ਵੈੱਬਸਾਈਟ 'ਤੇ ਆਪਣੇ ਰੈਗੂਲੇਟਰ ਦਾ ਪਤਾ ਲਗਾ ਸਕਦੇ ਹੋ। ਉਹ ਸੰਸਥਾਵਾਂ ਜੋ ਬੱਚਿਆਂ ਲਈ ਕਈ ਕਿਸਮਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੀਆਂ ਹਨ ਉਨ੍ਹਾਂ ਦੇ ਇੱਕ ਤੋਂ ਵੱਧ ਰੈਗੂਲੇਟਰ ਹੋ ਸਕਦੇ ਹਨ। ਕੁੱਝ ਰੈਗੂਲੇਟਰਾਂ ਨੇ ਉਹਨਾਂ ਸੈਕਟਰਾਂ ਅਤੇ ਸੰਸਥਾਵਾਂ ਲਈ ਵਿਸ਼ੇਸ਼ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ ਜਿੰਨ੍ਹਾਂ ਨੂੰ ਉਹ ਨਿਯੰਤ੍ਰਿਤ ਕਰਦੇ ਹਨ। ਜਿੱਥੇ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ ਤੁਹਾਡੇ ਸੈਕਟਰ 'ਤੇ ਲਾਗੂ ਹੁੰਦੇ ਹਨ, ਅਤੇ ਇਸ ਗਾਈਡ ਤੋਂ ਵੱਖਰੇ ਹਨ, ਤੁਹਾਡੀ ਸੰਸਥਾ ਨੂੰ

ਉਸ ਸੈਕਟਰ ਵਿੱਚ ਆਪਣੇ ਸੰਚਾਲਨ ਲਈ ਆਪਣੇ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

ਇਨ੍ਹਾਂ ਮਿਆਰਾਂ ਨੂੰ ਕਿਵੇਂ ਲਾਗੂ ਕਰਨਾ ਹੈ ਅਤੇ ਬੱਚਿਆਂ ਦੀ ਸੁਰੱਖਿਆ ਨੂੰ ਤਰਜ਼ੀਹ ਕਿਵੇਂ ਦੇਣੀ ਹੈ, ਇਸ ਬਾਰੇ ਹੋਰ ਜਾਣਕਾਰੀ ਲਈ ਬਾਲ ਸੁਰੱਖਿਅਤ ਸੰਸਥਾ ਬਣਾਉਣ ਲਈ ਇੱਕ ਗਾਈਡ (A guide for creating a Child Safe Organisation) ਨੂੰ ਪੜ੍ਹੋ।

**ਸ਼ਬਦਾਵਲੀ:** ਇਸ ਗਾਈਡ ਵਿੱਚ ਵਰਤਿਆ ਗਿਆ ਸ਼ਬਦ ਐਬੋਰਿਜ਼ਨਲ ਦੋਵਾਂ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਸ਼ਾਮਲ ਕਰਦਾ ਹੈ। ਅਸੀਂ ਬੱਚਾ ਜਾਂ ਬੱਚੇ ਸ਼ਬਦ ਦੀ ਵਰਤੋਂ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ ਯੁਵਾਵਾਂ ਨੂੰ ਸ਼ਾਮਲ ਕਰਨ ਲਈ ਕਰਦੇ ਹਾਂ। ਇਸ ਗਾਈਡ ਵਿੱਚ, ਇੱਕ ਸੰਸਥਾ ਕੋਈ ਵੀ ਅਜਿਹਾ ਕਾਰੋਬਾਰ ਜਾਂ ਗਰੁੱਪ ਹੈ ਜੋ ਬੱਚਿਆਂ ਨਾਲ ਕੰਮ ਜਾਂ ਵਾਲੰਟੀਅਰ ਕਰਦਾ ਹੈ।

# ਮਿਆਰ 1: ਸੰਸਥਾਵਾਂ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਮਾਹੌਲ ਸਥਾਪਤ ਕਰਨ ਜਿਸ ਵਿੱਚ ਐਬੋਰਿਜ਼ਨਲ ਬੱਚਿਆਂ ਅਤੇ ਯੁਵਾਵਾਂ ਦੀਆਂ ਵਿਭਿੰਨ ਅਤੇ ਵਿਲੱਖਣ ਪਛਾਣਾਂ ਅਤੇ ਅਨੁਭਵਾਂ ਦਾ ਆਦਰ ਅਤੇ ਕਦਰ ਕੀਤਾ ਜਾਂਦਾ ਹੋਵੇ।

**ਬਾਲ ਸੁਰੱਖਿਆ ਮਿਆਰ 1 ਦੀ ਪਾਲਣਾ ਕਰਦੇ ਹੋਏ, ਇੱਕ ਸੰਸਥਾ ਦਾ, ਘੱਟੋ-ਘੱਟ, ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ:**

1.1 ਬੱਚੇ ਦੀ ਆਪਣੇ ਸੱਭਿਆਚਾਰ ਨੂੰ ਪ੍ਰਗਟ ਕਰਨ ਅਤੇ ਉਹਨਾਂ ਦੇ ਸੱਭਿਆਚਾਰਕ ਅਧਿਕਾਰਾਂ ਦਾ ਆਨੰਦ ਲੈਣ ਦੀ ਯੋਗਤਾ ਨੂੰ ਉਤਸ਼ਾਹਿਤ ਅਤੇ ਸਰਗਰਮੀ ਨਾਲ ਸਮਰਥਨ ਕੀਤਾ ਜਾਂਦਾ ਹੈ।

1.2 ਸੰਸਥਾ ਦੇ ਅੰਦਰ ਅਜਿਹੀਆਂ ਰਣਨੀਤੀਆਂ ਸ਼ਾਮਲ ਕੀਤੀਆਂ ਗਈਆਂ ਹਨ ਜੋ ਸਾਰੇ ਮੈਂਬਰਾਂ ਨੂੰ ਐਬੋਰਿਜ਼ਨਲ ਸੱਭਿਆਚਾਰ ਦੀਆਂ ਤਾਕਤਾਂ ਨੂੰ ਸਵੀਕਾਰ ਕਰਨ ਅਤੇ ਉਨ੍ਹਾਂ ਦੀ ਕਦਰ ਕਰਨ ਅਤੇ ਐਬੋਰਿਜ਼ਨਲ ਬੱਚਿਆਂ ਅਤੇ ਯੁਵਾਵਾਂ ਦੀ ਭਲਾਈ ਅਤੇ ਸੁਰੱਖਿਆ ਲਈ ਇਸਦੀ ਮਹੱਤਤਾ ਨੂੰ ਸਮਝਣ ਲਈ ਤਿਆਰ ਕਰਦੀਆਂ ਹਨ।

1.3 ਉਸ ਸੰਸਥਾ ਦੁਆਰਾ ਇਹ ਯਕੀਨੀ ਬਣਾਉਣ ਲਈ ਉਪਾਅ ਅਪਣਾਏ ਗਏ ਹਨ ਕਿ ਸੰਸਥਾ ਦੇ ਅੰਦਰ ਨਸਲਵਾਦ ਦੀ ਪਛਾਣ ਕੀਤੀ ਜਾਵੇਗੀ, ਉਸ ਦਾ ਟਾਕਰਾ ਕੀਤਾ ਜਾਵੇਗਾ ਅਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਨਸਲਵਾਦ ਸੰਬੰਧੀ ਹਰ ਘਟਨਾਵਾਂ ਨੂੰ ਢੁੱਕਵੇਂ ਸਿੱਟੇ ਕੱਢਕੇ ਹੱਲ ਕੀਤਾ ਜਾਂਦਾ ਹੈ।

1.4 ਉਹ ਸੰਸਥਾ ਐਬੋਰਿਜ਼ਨਲ ਬੱਚਿਆਂ, ਯੁਵਾਵਾਂ ਅਤੇ ਉਹਨਾਂ ਦੇ ਪਰਿਵਾਰਾਂ ਦੁਆਰਾ ਇਸ ਵਿੱਚ ਭਾਗੀਦਾਰੀ ਅਤੇ ਸ਼ਮੂਲੀਅਤ ਨੂੰ ਸਰਗਰਮੀ ਨਾਲ ਸਮਰਥਨ ਅਤੇ ਸਹੂਲਤ ਪ੍ਰਦਾਨ ਕਰਦੀ ਹੈ।

1.5 ਸੰਸਥਾ ਦੀਆਂ ਸਾਰੀਆਂ ਨੀਤੀਆਂ, ਪ੍ਰਕਿਰਿਆਵਾਂ, ਪ੍ਰਣਾਲੀਆਂ ਅਤੇ ਵਿਧੀਆਂ ਮਿਲ ਕੇ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਸ਼ਮੂਲੀਅਤ ਭਰਿਆ ਮਾਹੌਲ ਬਣਾਉਂਦੀਆਂ ਹਨ ਅਤੇ ਐਬੋਰਿਜ਼ਨਲ ਬੱਚਿਆਂ, ਯੁਵਾਵਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਲੋੜਾਂ ਨੂੰ ਪੂਰਾ ਕਰਦੀਆਂ ਹਨ।

## ਮੁੱਖ ਨੁਕਤੇ

- ਤੁਹਾਨੂੰ ਇਹ ਲਾਜ਼ਮੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਡੀ ਸੰਸਥਾ ਵਿੱਚ ਹਿੱਸਾ ਲੈਣ ਵੇਲੇ ਸਾਰੇ ਬੱਚੇ ਸੁਰੱਖਿਅਤ ਮਹਿਸੂਸ ਕਰਦੇ ਹਨ, ਅਤੇ ਸੁਰੱਖਿਅਤ ਹਨ। ਇਸ ਵਿੱਚ ਐਬੋਰਿਜ਼ਨਲ[4] ਬੱਚੇ ਵੀ ਸ਼ਾਮਲ ਹਨ।
- ਐਬੋਰਿਜ਼ਨਲ ਬੱਚਿਆਂ ਲਈ ਸੱਭਿਆਚਾਰਕ ਸੁਰੱਖਿਆ ਨੂੰ 'ਬੱਚੇ ਨੂੰ ਸੁਰੱਖਿਅਤ, ਵੱਧਣ-ਫੁੱਲਣ ਵਾਲਾ ਅਤੇ ਸਕਾਰਾਤਮਕ ਮਾਹੌਲ ਪ੍ਰਦਾਨ ਕੀਤਾ ਜਾ ਰਿਹਾ ਹੈ, ਜਿੱਥੇ ਉਹ ਆਪਣੇ-ਆਪ ਵਿੱਚ ਹੋਣ, ਆਪਣੇ ਸੱਭਿਆਚਾਰ ਨੂੰ ਪ੍ਰਗਟ ਕਰਨ ਵਿੱਚ... ਆਪਣੀਆਂ ਅਧਿਆਤਮਿਕ ਅਤੇ ਧਰਮ ਪ੍ਰਣਾਲੀਆਂ ਦਾ ਪ੍ਰਗਟਾਵਾ ਕਰਨ ਵਿੱਚ ਸਹਿਜ ਹਨ, ਅਤੇ ਉਹ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਦੁਆਰਾ ਸਮਰਥਤ ਕੀਤੇ ਜਾਂਦੇ ਹਨ... (ਜੋ) ਉਹਨਾਂ ਦੀ ਐਬੋਰਿਜ਼ਨਲਤਾ ਦਾ ਆਦਰ ਕਰਦੇ ਹਨ ਅਤੇ ਇਸ ਤਰ੍ਹਾਂ ਉਹਨਾਂ ਦੀ ਆਤਮ-ਭਾਵਨਾ ਅਤੇ ਆਤਮ-ਪਛਾਣ ਨੂੰ ਉਤਸ਼ਾਹਿਤ ਕਰਦੇ ਹਨ' ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ।[5]
- ਸੱਭਿਆਚਾਰਕ ਸੁਰੱਖਿਆ ਨੂੰ ਪ੍ਰਾਪਤ ਕਰਨ ਵਿੱਚ ਇਹ ਸਮਝਣਾ ਸ਼ਾਮਲ ਹੈ ਕਿ ਕਿਸੇ ਸੰਸਥਾ ਨੂੰ ਐਬੋਰਿਜ਼ਨਲ ਲੋਕਾਂ ਅਤੇ ਖ਼ਾਸ ਕਰਕੇ ਐਬੋਰਿਜ਼ਨਲ ਬੱਚਿਆਂ ਦੁਆਰਾ ਕਿਵੇਂ ਦੇਖਿਆ ਅਤੇ ਅਨੁਭਵ ਕੀਤਾ ਜਾਂਦਾ ਹੈ।

---

[4] ਇਸ ਗਾਈਡ ਵਿਚਲਾ 'ਐਬੋਰਿਜ਼ਨਲ' ਸ਼ਬਦ ਦੋਵਾਂ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਸ਼ਾਮਲ ਕਰਦਾ ਹੈ।

[5] SNAICC, ਸੱਭਿਆਚਾਰਕ ਸੁਰੱਖਿਆ , 2021।

- ਐਬੋਰਿਜ਼ਨਲ ਲੋਕਾਂ ਵਿੱਚ ਹਰੇਕ ਦਾ ਇੱਕ ਵੱਖਰਾ ਇਤਿਹਾਸ ਅਤੇ ਅਨੁਭਵ ਹੁੰਦਾ ਹੈ, ਅਤੇ ਐਬੋਰਿਜ਼ਨਲ ਲੋਕਾਂ ਦੇ ਵਿਲੱਖਣ ਸਥਾਨ ਨੂੰ ਪਹਿਲੇ ਰਾਸ਼ਟਰ ਦੇ ਲੋਕਾਂ ਵਜੋਂ ਮਾਨਤਾ ਦੇਣਾ ਮਹੱਤਵਪੂਰਨ ਹੈ।
- ਐਬੋਰਿਜ਼ਨਲ ਵਜੋਂ ਪਛਾਣ ਰੱਖਣਾ ਬੱਚੇ ਦੀ ਪਛਾਣ ਦਾ ਇੱਕ ਹਿੱਸਾ ਹੈ। ਬਾਕੀ ਲੋਕਾਂ ਦੀ ਤਰ੍ਹਾਂ ਹੀ, ਐਬੋਰਿਜ਼ਨਲ ਲੋਕਾਂ ਦੇ ਵੀ ਵੱਖੋ-ਵੱਖਰੇ ਜੀਵਨ ਅਨੁਭਵ ਅਤੇ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਸੰਸਥਾਵਾਂ ਨੂੰ ਐਬੋਰਿਜ਼ਨਲ ਬੱਚਿਆਂ ਲਈ ਲਾਜ਼ਮੀ ਤੌਰ 'ਤੇ ਸਹਾਇਕ ਮਾਹੌਲ ਪ੍ਰਦਾਨ ਕਰਨਾ ਚਾਹੀਦਾ ਹੈ ਜੋ ਇਹ ਮਾਨਤਾ ਦਿੰਦਾ ਹੋਵੇ ਕਿ ਹਰੇਕ ਵਿਅਕਤੀ ਆਪਣੀਆਂ ਵਿਸ਼ੇਸ਼ਤਾਵਾਂ, ਸ਼ਕਤੀਆਂ ਅਤੇ ਚੁਣੌਤੀਆਂ ਦੇ ਨਾਲ ਵਿਲੱਖਣ ਹੁੰਦਾ ਹੈ।
- ਸੱਭਿਆਚਾਰ ਅਤੇ ਪਛਾਣ ਆਪਸ ਵਿੱਚ ਜੁੜੇ ਹੋਏ ਹਨ, ਅਤੇ ਐਬੋਰਿਜ਼ਨਲ ਬੱਚਿਆਂ ਨੂੰ ਉਹਨਾਂ ਦੀ ਪਛਾਣ ਵਿੱਚ ਮਜ਼ਬੂਤ ਮਹਿਸੂਸ ਕਰਨ ਵਿੱਚ ਸਹਾਇਤਾ ਕਰਕੇ, ਤੁਸੀਂ ਉਹਨਾਂ ਨੂੰ ਉਹਨਾਂ ਦੇ ਸੱਭਿਆਚਾਰਕ ਅਧਿਕਾਰਾਂ ਦਾ ਆਨੰਦ ਲੈਣ ਵਿੱਚ ਵੀ ਮੱਦਦ ਕਰਦੇ ਹੋ।
- ਆਪਣੀ ਸੱਭਿਆਚਾਰਕ ਪਛਾਣ ਨੂੰ ਪ੍ਰਗਟ ਕਰਨ ਦੇ ਯੋਗ ਹੋਣਾ ਐਬੋਰਿਜ਼ਨਲ ਬੱਚਿਆਂ ਨੂੰ ਮਜ਼ਬੂਤ ਅਤੇ ਸੁਰੱਖਿਅਤ ਬਣਾਉਂਦਾ ਹੈ।[6] ਇਹ ਕਈ ਕਾਰਨਾਂ ਕਰਕੇ ਮਹੱਤਵਪੂਰਨ ਹੈ। ਬਾਲ ਸ਼ੋਸ਼ਣ ਨੂੰ ਰੋਕਣ ਦੇ ਸੰਦਰਭ ਵਿੱਚ, ਇਹ ਮਹੱਤਵਪੂਰਨ ਹੈ ਕਿਉਂਕਿ ਜਦੋਂ ਐਬੋਰਿਜ਼ਨਲ ਬੱਚੇ ਆਪਣੇ ਆਪ ਵਿੱਚ ਰਹਿਣ ਅਤੇ ਆਪਣੇ ਸੱਭਿਆਚਾਰ ਨੂੰ ਪ੍ਰਗਟ ਕਰਨ ਵਿੱਚ ਸੁਰੱਖਿਅਤ ਮਹਿਸੂਸ ਨਹੀਂ ਕਰਦੇ ਹਨ, ਤਾਂ ਦੂਜਿਆਂ ਦੁਆਰਾ ਉਹਨਾਂ ਦਾ ਸ਼ੋਸ਼ਣ ਕੀਤੇ ਜਾਣ ਦਾ ਜ਼ੋਖਮ ਵੱਧ ਜਾਂਦਾ ਹੈ ਅਤੇ ਉਹ ਸ਼ੋਸ਼ਣ ਹੋਣ ਦੀ ਰਿਪੋਰਟ ਕਰਨ ਲਈ ਵੀ ਘੱਟ ਤਿਆਰ ਹੋਏ ਹੋ ਸਕਦੇ ਹਨ।[7]
- ਸੱਭਿਆਚਾਰਕ ਅਧਿਕਾਰ ਹਰੇਕ ਬੱਚੇ ਦੇ, ਜਾਂ ਤਾਂ ਵਿਅਕਤੀਗਤ ਤੌਰ 'ਤੇ ਜਾਂ ਲੋਕਾਂ ਦੇ ਸਮੂਹ ਹੋਣ ਦੇ ਹਿੱਸੇ ਵਜੋਂ, ਆਪਣੇ ਪਿਛੋਕੜ, ਰੀਤੀ-ਰਿਵਾਜ, ਸਮਾਜਿਕ ਵਿਵਹਾਰ, ਭਾਸ਼ਾ, ਧਰਮ ਜਾਂ ਅਧਿਆਤਮਿਕਤਾ, ਵਿਸ਼ਵਾਸਾਂ ਅਤੇ ਰਹਿਣ-ਸਹਿਣ ਦੇ ਢੰਗ ਨੂੰ ਵਿਕਸਤ ਕਰਨ ਅਤੇ ਪ੍ਰਗਟ ਕਰਨ ਦੇ ਅਧਿਕਾਰ ਹਨ।
- ਐਬੋਰਿਜ਼ਨਲ ਲੋਕਾਂ ਕੋਲ ਆਪਣੀ ਪਛਾਣ ਅਤੇ ਸੱਭਿਆਚਾਰ ਦਾ ਆਨੰਦ ਲੈਣ; ਆਪਣੀ ਭਾਸ਼ਾ ਦੀ ਵਰਤੋਂ ਨੂੰ ਬਰਕਰਾਰ ਰੱਖਣ; ਆਪਣੇ ਰਿਸ਼ਤੇਦਾਰੀ ਸੰਬੰਧਾਂ ਨੂੰ ਕਾਇਮ ਰੱਖਣ; ਅਤੇ ਜ਼ਮੀਨ, ਪਾਣੀ ਅਤੇ ਹੋਰ ਸਰੋਤਾਂ ਨਾਲ ਆਪਣਾ ਰਿਸ਼ਤਾ ਕਾਇਮ ਰੱਖਣ ਦੇ ਸਪੱਸ਼ਟ ਸੱਭਿਆਚਾਰਕ ਅਧਿਕਾਰ ਹਨ ਜਿੰਨ੍ਹਾਂ ਨਾਲ ਉਨ੍ਹਾਂ ਦਾ ਰਿਵਾਇਤੀ ਕਾਨੂੰਨਾਂ ਅਤੇ ਰੀਤੀ-ਰਿਵਾਜਾਂ ਅਧੀਨ ਸੰਬੰਧ ਹੈ।[8]
- ਆਪਣੀ ਸੰਸਥਾ ਨੂੰ ਸ਼ਮੂਲੀਅਤ ਭਰਿਆ ਬਣਾਉਣਾ ਤੁਹਾਡੀ ਜ਼ਿੰਮੇਵਾਰੀ ਹੈ, ਅਤੇ ਇਸ ਲਈ ਸਿੱਖਿਆ, ਚਿੰਤਨ ਕਰਨ ਅਤੇ ਸਕਾਰਾਤਮਕ ਕਾਰਵਾਈ ਦੀ ਲੋੜ ਪੈਂਦੀ ਹੈ।
- ਐਬੋਰਿਜ਼ਨਲ ਸੱਭਿਆਚਾਰਾਂ ਬਾਰੇ ਸਿੱਖਣਾ ਇੱਕ ਨਿਰੰਤਰ ਚੱਲਣ ਵਾਲੇ ਸਫ਼ਰ ਦਾ ਹਿੱਸਾ ਹੋਣਾ ਚਾਹੀਦਾ ਹੈ। ਲੀਡਰਾਂ, ਸਟਾਫ਼ ਅਤੇ ਵਾਲੰਟੀਅਰਾਂ, ਬੱਚਿਆਂ ਅਤੇ ਸੰਸਥਾ ਦੇ ਭਾਈਚਾਰੇ ਦੇ ਹੋਰ ਮੈਂਬਰਾਂ ਵਿਚਕਾਰ ਜਾਗਰੂਕਤਾ ਅਤੇ ਸਮਝ ਪੈਦਾ ਕਰਨਾ ਮਹੱਤਵਪੂਰਨ ਹੋਵੇਗਾ। ਇਸ ਬਾਰੇ ਸੋਚੋ ਕਿ ਸੰਸਥਾ ਵਿੱਚ ਉਹਨਾਂ ਦੀ ਭੂਮਿਕਾ ਅਤੇ ਜ਼ਿੰਮੇਵਾਰੀਆਂ ਦੇ ਆਧਾਰ 'ਤੇ ਉਹਨਾਂ ਨੂੰ ਕਿਸ ਵੱਖ-ਵੱਖ ਸਹਾਇਤਾ ਦੀ ਲੋੜ ਹੋ ਸਕਦੀ ਹੈ।

---

[6] ਵਿਕਟੋਰੀਆ ਸਟੇਟ, ਡਿਪਾਰਟਮੈਂਟ ਆਫ਼ ਫੈਮਿਲੀਜ਼, ਫੇਅਰਨੈਸ ਐਂਡ ਹਾਊਸਿੰਗ, ਵੰਗੁਰਿਲਵਿਲ ਗਪਗਪਡੁਇਰ ਐਬੋਰਿਜ਼ਨਲ ਚਿਲਡਰਨ ਐਂਡ ਫੈਮਿਲੀਜ਼ ਐਗਰੀਮੈਂਟ, 2018, ਪੰਨਾ. 35

[7] ਪੀ ਐਂਡਰਸਨ ਐਟ ਅਲ., *ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਬੱਚੇ ਅਤੇ ਸੰਸਥਾਗਤ ਸੈਟਿੰਗਾਂ ਵਿੱਚ ਬਾਲ ਜਿਨਸੀ ਸ਼ੋਸ਼ਣ*, ਬਾਲ ਜਿਨਸੀ ਸ਼ੋਸ਼ਣ ਪ੍ਰਤੀ ਸੰਸਥਾਗਤ ਜਵਾਬੀ ਕਾਰਵਾਈ ਵਿੱਚ ਰੌਇਲ ਕਮਿਸ਼ਨ ਲਈ ਰਿਪੋਰਟ , [pdf 1MB], 2017, ਪੰਨਾ. 30-33।

[8] ਮਨੁੱਖੀ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦੇ ਚਾਰਟਰ ਐਕਟ 2006 (Charter of Human Rights and Responsibilities Act 2006 (Vic.)) (ਵਿਕਟੋਰੀਆ ) ਤੋਂ ਬਣਾਇਆ ਗਿਆ ਹੈ।

- ਬੱਚੇ ਦੇ ਪਰਿਵਾਰ ਨੂੰ ਸੁਆਗਤ ਕੀਤਾ ਜਾਂਦਾ ਅਤੇ ਉਹਨਾਂ ਨੂੰ ਸੰਸਥਾ ਵਿੱਚ ਸ਼ਾਮਲ ਮਹਿਸੂਸ ਕਰਵਾਉਣਾ ਉਹਨਾਂ ਦੀ ਸੁਰੱਖਿਆ ਵਿੱਚ ਯੋਗਦਾਨ ਪਾਉਂਦਾ ਹੈ।[9] ਪਰਿਵਾਰ ਹੀ ਐਬੋਰਿਜ਼ਨਲ ਸੱਭਿਆਚਾਰ, ਅਧਿਆਤਮਿਕਤਾ ਅਤੇ ਪਛਾਣ ਦਾ ਆਧਾਰ ਹੈ। ਪਰਿਵਾਰ ਨੂੰ ਆਮ ਤੌਰ 'ਤੇ ਕੁੱਝ ਹੋਰ ਸੱਭਿਆਚਾਰਾਂ ਦੇ ਮੁਕਾਬਲੇ ਐਬੋਰਿਜ਼ਨਲ ਸੱਭਿਆਚਾਰਾਂ ਵਿੱਚ ਵਧੇਰੇ ਵਿਆਪਕ ਰੂਪ ਵਿੱਚ ਪਰਿਭਾਸ਼ਿਤ ਕੀਤਾ ਜਾਂਦਾ ਹੈ।[10]
- ਨਸਲਵਾਦ ਬੱਚਿਆਂ ਲਈ ਹਾਨੀਕਾਰਕ ਹੈ ਅਤੇ ਉਹਨਾਂ ਦੀ ਤੰਦਰੁਸਤੀ ਅਤੇ ਸੁਰੱਖਿਆ ਨੂੰ ਪ੍ਰਭਾਵਿਤ ਕਰਦਾ ਹੈ। ਇਹ ਬਾਲ ਸ਼ੋਸ਼ਣ ਦਾ ਇੱਕ ਰੂਪ ਹੋ ਸਕਦਾ ਹੈ। ਜੇਕਰ ਬੱਚੇ ਅਤੇ ਉਹਨਾਂ ਦੇ ਪਰਿਵਾਰ ਤੁਹਾਡੀ ਸੰਸਥਾ ਨਾਲ ਗੱਲਬਾਤ ਕਰਦੇ ਸਮੇਂ ਨਸਲਵਾਦ ਦਾ ਅਨੁਭਵ ਕਰਦੇ ਹਨ, ਤਾਂ ਹੋ ਸਕਦਾ ਹੈ ਕਿ ਉਹ ਹੋਰ ਚਿੰਤਾਵਾਂ ਉਠਾਉਣ ਜਾਂ ਸ਼ਿਕਾਇਤਾਂ ਕਰਨ ਲਈ ਭਰੋਸਾ ਮਹਿਸੂਸ ਨਾ ਕਰਨ। ਨਸਲਵਾਦ ਬਾਰੇ ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲੈਣਾ ਅਤੇ ਉਹਨਾਂ ਦਾ ਚੰਗੀ ਤਰ੍ਹਾਂ ਜਵਾਬ ਦੇਣਾ ਇਹ ਦਰਸਾਉਂਦਾ ਹੈ ਕਿ ਤੁਹਾਡੀ ਸੰਸਥਾ ਵਿੱਚ ਨਸਲਵਾਦ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।
- ਐਬੋਰਿਜ਼ਨਲ ਸੱਭਿਆਚਾਰ ਦੇ ਸਮਰਥਨ ਜਾਂ ਮਾਨਤਾ ਪ੍ਰਤੀ ਵਿਆਪਕ ਬਿਆਨ ਮਹੱਤਵਪੂਰਨ ਹਨ, ਪਰ ਇਹ ਇਕੱਲੇ ਹੀ ਬੱਚਿਆਂ ਲਈ ਸੁਰੱਖਿਆ ਪੈਦਾ ਨਹੀਂ ਕਰਨਗੇ। ਸੱਭਿਆਚਾਰਕ ਸੁਰੱਖਿਆ ਦਾ ਨਿਰਮਾਣ ਕਰਨ ਲਈ ਤੁਹਾਡੀ ਸੰਸਥਾ ਦੀ ਪਹੁੰਚ ਨੂੰ ਪੂਰੇ ਸੰਸਥਾ ਵਿੱਚ ਸ਼ਾਮਲ ਕੀਤਾ ਜਾਣ ਦੀ ਲੋੜ ਹੈ। ਇਸਦਾ ਮਤਲਬ ਹੈ ਕਿ ਸੰਸਥਾ ਦੀਆਂ ਸਾਰੀਆਂ ਨੀਤੀਆਂ, ਪ੍ਰਕਿਰਿਆਵਾਂ, ਪ੍ਰਣਾਲੀਆਂ ਅਤੇ ਵਿਧੀਆਂ ਨੂੰ ਐਬੋਰਿਜ਼ਨਲ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਦੀਆਂ ਲੋੜਾਂ 'ਤੇ ਵਿਚਾਰ ਕਰਨਾ ਅਤੇ ਉਨ੍ਹਾਂ ਨੂੰ ਪੂਰਾ ਕਰਨਾ ਪਵੇਗਾ।

## ਨਿਯਮ-ਕਾਨੂੰਨ ਪਾਲਣਾ ਸੂਚਕ

### ਇਸ ਮਿਆਰ ਦਾ ਮੁਲਾਂਕਣ ਕਰਨ ਵੇਲੇ ਕਮਿਸ਼ਨ ਕੀ ਦੇਖੇਗਾ?

ਇਹ ਮਿਆਰ ਐਬੋਰਿਜ਼ਨਲ ਬੱਚਿਆਂ ਲਈ ਸੱਭਿਆਚਾਰਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸੰਸਥਾਵਾਂ 'ਤੇ ਨਵੀਆਂ ਕਾਨੂੰਨੀ ਜ਼ਿੰਮੇਵਾਰੀਆਂ ਲਾਗੂ ਕਰਦਾ ਹੈ।

ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਮਾਹੌਲ ਦੀ ਸਥਾਪਨਾ ਲਈ ਸਮਾਂ, ਸਮਰਪਣ ਅਤੇ ਅਰਥਪੂਰਨ ਸ਼ਮੂਲੀਅਤ ਦੀ ਲੋੜ ਹੁੰਦੀ ਹੈ। ਸੰਸਥਾਵਾਂ ਨੂੰ ਮਿਆਰ 1 ਦੀ ਪਾਲਣਾ ਨੂੰ ਜਾਰੀ ਰੱਖਣ ਲਈ ਲੰਬੇ ਸਮੇਂ ਲਈ ਵਚਨਬੱਧਤਾ ਅਤੇ ਹਰ ਸਾਲ ਅਰਥਪੂਰਨ ਕਾਰਵਾਈ ਕਰਨ ਦੀ ਲੋੜ ਹੁੰਦੀ ਹੈ।

ਕਮਿਸ਼ਨ ਇਹ ਗੱਲ ਸਮਝਦਾ ਹੈ ਕਿ ਸੰਸਥਾਵਾਂ ਇਸ ਨਵੇਂ ਮਿਆਰ ਦੀ ਪਾਲਣਾ ਦੀ ਪ੍ਰਾਪਤੀ ਵਿੱਚ ਵੱਖ-ਵੱਖ ਪੜਾਵਾਂ 'ਤੇ ਹੋਣਗੀਆਂ। **ਬੁਨਿਆਦੀ ਕਦਮ** ਉਨ੍ਹਾਂ ਸੰਸਥਾਵਾਂ ਦੀ ਮੱਦਦ ਕਰਨ ਲਈ ਪ੍ਰਦਾਨ ਕੀਤੇ ਜਾਂਦੇ ਹਨ ਜਿਨ੍ਹਾਂ ਨੇ ਅਜੇ ਤੱਕ ਵੀ ਐਬੋਰਿਜ਼ਨਲ ਬੱਚਿਆਂ ਲਈ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਮਾਹੌਲ ਸਥਾਪਤ ਕਰਨ ਲਈ ਮਹੱਤਵਪੂਰਨ ਯਤਨ ਨਹੀਂ ਕੀਤੇ ਹਨ। ਇਹ **ਬੁਨਿਆਦੀ ਕਦਮ** ਸੰਸਥਾਵਾਂ ਨੂੰ ਉਨ੍ਹਾਂ ਕੰਮਾਂ ਦੀ ਪਛਾਣ ਕਰਨ ਵਿੱਚ ਮੱਦਦ ਕਰਦੇ ਹਨ ਜੋ ਉਨ੍ਹਾਂ ਨੂੰ ਉਸ ਮਿਆਰ ਦੀ ਪਾਲਣਾ ਕਰਨ ਅਤੇ ਕਾਰਵਾਈ ਯੋਜਨਾ ਬਣਾਉਣ ਲਈ ਲਾਜ਼ਮੀ ਤੌਰ 'ਤੇ ਕਰਨਾ ਚਾਹੀਦਾ ਹੈ।

ਜੇ ਤੁਹਾਡੀ ਸੰਸਥਾ ਮਹਿਸੂਸ ਕਰਦੀ ਹੈ ਕਿ ਉਹ ਐਬੋਰਿਜ਼ਨਲ ਬੱਚਿਆਂ ਲਈ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਮਾਹੌਲ ਸਥਾਪਤ ਕਰਨ ਵਿੱਚ ਪਹਿਲਾਂ ਹੀ ਚੰਗੀ ਤਰ੍ਹਾਂ ਅੱਗੇ ਵਧ ਚੁੱਕੀ ਹੈ, ਤਾਂ ਹੋ ਸਕਦਾ ਹੈ ਕਿ **ਬੁਨਿਆਦੀ ਕਦਮਾਂ** 'ਤੇ ਧਿਆਨ ਕੇਂਦਰਿਤ ਕਰਨਾ ਜ਼ਰੂਰੀ ਨਾ ਹੋਵੇ। **ਅਗਲੇਰੇ ਕਦਮ** ਪ੍ਰਦਾਨ ਕੀਤੇ ਗਏ ਹਨ ਤਾਂ ਜੋ ਤੁਹਾਡੀ ਸੰਸਥਾ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਸੰਸਥਾ ਬਣਨ ਦੀ ਯਾਤਰਾ ਨੂੰ ਜਾਰੀ ਰੱਖਣ ਲਈ ਪਹਿਲਾਂ ਹੀ ਕੀਤੇ ਗਏ ਕੰਮ ਨੂੰ ਹੋਰ ਅੱਗੇ ਵਧਾ ਸਕੇ।

---

9 ਵਿਕਟੋਰੀਆ ਸਟੇਟ, ਡਿਪਾਰਟਮੈਂਟ ਆਫ਼ ਹੈਲਥ ਐਂਡ ਹਿਊਮਨ ਸਰਵਿਸਿਜ਼, ਬਲਿਟ ਮਰਪ: ਐਬੋਰਿਜ਼ਨਲ ਸਮਾਜਿਕ ਭਾਵਨਾਤਮਕ ਤੰਦਰੁਸਤੀ ਫਰੇਮਵਰਕ 2017-2027 , 2017।

10 SNAICC, ਪਰਿਵਾਰ ਨਾਲ ਸੰਬੰਧ ।

ਕਮਿਸ਼ਨ ਪਹਿਲਾਂ **ਬੁਨਿਆਦੀ ਕਦਮਾਂ** ਦੀ ਪਾਲਣਾ ਦੀ ਬਾਰੇ ਦੇਖੇਗਾ। ਇਹ **ਬੁਨਿਆਦੀ ਕਦਮ** ਨੀਤੀਆਂ, ਪ੍ਰਕਿਰਿਆਵਾਂ ਅਤੇ ਜਨਤਕ ਵਚਨਬੱਧਤਾਵਾਂ ਲਈ ਲੋੜੀਂਦੀਆਂ ਤਬਦੀਲੀਆਂ ਬਾਰੇ ਦੱਸਦੇ ਹਨ, ਪਰ ਇਹ ਵੀ ਪਛਾਣਦੇ ਹਨ ਕਿ ਸੰਸਥਾਵਾਂ ਵਿੱਚ ਤਬਦੀਲੀਆਂ ਕਰਨ ਵਿੱਚ ਸਮਾਂ ਲੱਗਦਾ ਹੈ। ਕਾਰਵਾਈ ਯੋਜਨਾ ਵਿੱਚ ਮਿਆਰਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਨ ਲਈ ਸੰਸਥਾ ਦੇ ਮਾਰਗ ਦੀ ਰੂਪਰੇਖਾ ਲਿਖੀ ਹੋਈ ਹੋਣੀ ਚਾਹੀਦੀ ਹੈ। **ਅਗਲੇਰੇ ਕਦਮ** ਸੰਸਥਾਵਾਂ ਨੂੰ ਇਹ ਸਮਝਣ ਵਿੱਚ ਮੱਦਦ ਕਰਦੇ ਹਨ ਕਿ ਇਸ ਮਿਆਰ ਦੀ ਪੂਰੀ ਪਾਲਣਾ ਕਿਸ ਤਰ੍ਹਾਂ ਦੀ ਹੋ ਸਕਦੀ ਹੈ।[11]

## ਬੁਨਿਆਦੀ ਕਦਮ

### ਦਸਤਾਵੇਜ਼

- ਐਬੋਰਿਜ਼ਨਲ ਬੱਚਿਆਂ ਦੀ ਸੱਭਿਆਚਾਰਕ ਸੁਰੱਖਿਆ ਲਈ ਜਨਤਕ ਵਚਨਬੱਧਤਾ ਉਪਲਬਧ ਹੈ ਅਤੇ ਜਨਤਕ ਪਹੁੰਚ ਲਈ ਪ੍ਰਦਰਸ਼ਿਤ ਕੀਤੀ ਗਈ ਹੈ। (1.1, 1.4, 1.5 ਅਤੇ 5.4 ਦੇ ਲਿੰਕ)
- ਬਾਲ ਸੁਰੱਖਿਆ ਅਤੇ ਤੰਦਰੁਸਤੀ ਨਾਲ ਸੰਬੰਧਿਤ ਨੀਤੀਆਂ ਅਤੇ ਪ੍ਰਕਿਰਿਆਵਾਂ, ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ ਸਮੇਤ, ਐਬੋਰਿਜ਼ਨਲ ਬੱਚਿਆਂ ਦਾ ਆਦਰ ਕਰਨ ਅਤੇ ਉਹਨਾਂ ਦੀ ਕਦਰ ਕਰਨ ਲਈ ਸੰਸਥਾ ਦੀ ਵਚਨਬੱਧਤਾ ਦਾ ਵਰਣਨ ਕਰਦੀਆਂ ਹਨ। ਇਸ ਵਿੱਚ ਇਹ ਸ਼ਾਮਲ ਹੈ ਕਿ:
  - ਸਟਾਫ਼ ਅਤੇ ਵਾਲੰਟੀਅਰ ਲਾਜ਼ਮੀ ਤੌਰ 'ਤੇ ਬੱਚਿਆਂ ਨੂੰ ਆਪਣੇ ਸੱਭਿਆਚਾਰ ਨੂੰ ਪ੍ਰਗਟ ਕਰਨ ਅਤੇ ਉਹਨਾਂ ਦੇ ਸੱਭਿਆਚਾਰਕ ਅਧਿਕਾਰਾਂ ਦਾ ਆਨੰਦ ਲੈਣ ਲਈ ਉਤਸ਼ਾਹਿਤ ਕਰਨ
  - ਸਟਾਫ਼ ਅਤੇ ਵਾਲੰਟੀਅਰ ਲਾਜ਼ਮੀ ਤੌਰ 'ਤੇ ਐਬੋਰਿਜ਼ਨਲ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਦੁਆਰਾ ਸੰਸਥਾ ਵਿੱਚ ਭਾਗੀਦਾਰੀ ਅਤੇ ਸ਼ਮੂਲੀਅਤ ਕਰਨ ਲਈ ਸਰਗਰਮੀ ਨਾਲ ਸਮਰਥਨ ਅਤੇ ਸਹੂਲਤ ਪ੍ਰਦਾਨ ਕਰਨ
  - ਸੰਸਥਾ ਦੇ ਅੰਦਰ ਨਸਲਵਾਦ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਸੰਭਾਵੀ ਨਤੀਜਿਆਂ ਸਮੇਤ, ਸੰਸਥਾ ਇਸ 'ਤੇ ਕਿਵੇਂ ਜਵਾਬੀ ਪ੍ਰਤੀਕਿਰਿਆ ਕਰੇਗੀ
  - ਸੰਸਥਾ ਦੀ ਲੀਡਰਸ਼ਿਪ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਸੰਸਥਾ[12] ਨਾਲ ਜੁੜੇ ਹਰ ਵਿਅਕਤੀ ਦੀ ਐਬੋਰਿਜ਼ਨਲ ਸੱਭਿਆਚਾਰ ਦੀਆਂ ਖੂਬੀਆਂ ਨੂੰ ਸਵੀਕਾਰ ਕਰਨ ਅਤੇ ਉਹਨਾਂ ਦੀ ਕਦਰ ਕਰਨ ਅਤੇ ਐਬੋਰਿਜ਼ਨਲ ਬੱਚਿਆਂ ਦੀ ਭਲਾਈ ਅਤੇ ਸੁਰੱਖਿਆ ਲਈ ਇਸਦੇ ਮਹੱਤਵ ਨੂੰ ਸਮਝਣ ਵਿੱਚ ਮੱਦਦ ਕਰੇ। (1.1, 1.2, 1.3, 1.4, 1.5)।
- ਆਚਾਰ-ਸੰਹਿਤਾ (Code of Conduct) ਅਤੇ ਅਹੁਦੇ ਦਾ ਵਰਣਨ (position descriptions) ਸਟਾਫ਼ ਅਤੇ ਵਲੰਟੀਅਰ ਵਿਵਹਾਰ ਦੀਆਂ ਉਮੀਦਾਂ ਦੀ ਰੂਪਰੇਖਾ ਦਿੰਦੇ ਹਨ ਜਿਸ ਵਿੱਚ ਸ਼ਾਮਲ ਹਨ:
  - ਨਸਲਵਾਦ ਪ੍ਰਤੀ ਜ਼ੀਰੋ ਸਹਿਣਸ਼ੀਲਤਾ ਅਤੇ ਉਮੀਦਾਂ ਕਿ ਸਟਾਫ਼ ਅਤੇ ਵਲੰਟੀਅਰ ਨਸਲਵਾਦ ਦੀਆਂ ਘਟਨਾਵਾਂ 'ਤੇ ਕਾਰਵਾਈ ਕਰਨਗੇ
  - ਕਿ ਬੱਚਿਆਂ ਨੂੰ ਉਹਨਾਂ ਦੇ ਸੱਭਿਆਚਾਰ ਦਾ ਪ੍ਰਗਟਾਵਾ ਕਰਨ ਅਤੇ ਉਹਨਾਂ ਦੇ ਸੱਭਿਆਚਾਰਕ ਅਧਿਕਾਰਾਂ ਦਾ ਆਨੰਦ ਲੈਣ ਲਈ ਸਮਰਥਨ ਦਿੱਤਾ ਜਾਵੇਗਾ। (1.1, 1.3)

[11] ਤੁਹਾਡੀ ਸੰਸਥਾ ਦੇ ਸੁਭਾਅ ਜਾਂ ਵਿਸ਼ੇਸ਼ਤਾਵਾਂ ਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਨੂੰ ਇਸ ਗਾਈਡ ਵਿੱਚ ਪ੍ਰਸਤਾਵਿਤ ਚੀਜ਼ਾਂ ਤੋਂ ਕੁੱਝ ਵੱਖਰਾ ਕਰਨ ਦੀ ਲੋੜ ਹੈ। ਜੇਕਰ ਅਜਿਹਾ ਹੈ, ਤਾਂ ਤੁਹਾਨੂੰ ਇਹ ਦੱਸਣਾ ਪੈ ਸਕਦਾ ਹੈ ਕਿ ਤੁਹਾਡੀ ਪਹੁੰਚ ਨਤੀਜਿਆਂ ਅਤੇ ਮਿਆਰਾਂ ਦੀਆਂ ਘੱਟੋ-ਘੱਟ ਲੋੜਾਂ ਦੀ ਕਿਵੇਂ ਪਾਲਣਾ ਕਰਦੀ ਹੈ। ਕੁੱਝ ਸੈਕਟਰਾਂ ਅਤੇ ਸੰਸਥਾਵਾਂ ਕੋਲ ਸਹਿ-ਰੈਗੂਲੇਟਰ ਹਨ ਜਿਨ੍ਹਾਂ ਨੇ ਵਿਸ਼ੇਸ਼ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹੋਏ ਹਨ। ਜਿੱਥੇ ਇਨ੍ਹਾਂ ਮਿਆਰਾਂ 'ਤੇ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ ਤੁਹਾਡੀ ਸੰਸਥਾ 'ਤੇ ਲਾਗੂ ਹੁੰਦੇ ਹਨ, ਅਤੇ ਇਸ ਗਾਈਡ ਤੋਂ ਵੱਖਰੀ ਹੈ, ਤੁਹਾਡੀ ਸੰਸਥਾ ਨੂੰ ਉਸ ਸੈਕਟਰ ਵਿੱਚ ਆਪਣੇ ਕੰਮਕਾਜ ਲਈ ਉਸ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

[12] ਬਾਲ ਸੁਰੱਖਿਅਤ ਸੰਸਥਾ ਬਣਾਉਣ ਲਈ ਇੱਕ ਗਾਈਡ (A guide for creating a Child Safe Organisation) ਵਿੱਚ ਸੰਸਥਾ ਦਾ ਭਾਈਚਾਰਾ ਕੌਣ ਹੁੰਦਾ ਹੈ, ਦੀ ਪਰਿਭਾਸ਼ਾ ਦੇਖੋ।

- ਕਾਰਵਾਈ ਯੋਜਨਾ ਇੱਕ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਮਾਹੌਲ ਦੀ ਸਥਾਪਨਾ ਕਰਨ ਲਈ 1 ਜੁਲਾਈ 2023 ਤੱਕ ਸੰਸਥਾ ਦੁਆਰਾ ਚੁੱਕੇ ਜਾਣ ਵਾਲੇ ਕਦਮਾਂ ਨੂੰ ਨਿਰਧਾਰਤ ਕਰਦੀ ਹੈ ਜਿਸ ਵਿੱਚ ਐਬੋਰਿਜ਼ਨਲ ਬੱਚਿਆਂ ਦੀਆਂ ਵਿਭਿੰਨ ਅਤੇ ਵਿਲੱਖਣ ਪਛਾਣਾਂ ਅਤੇ ਤਜ਼ਰਬਿਆਂ ਦਾ ਆਦਰ ਅਤੇ ਕਦਰ ਕੀਤੀ ਜਾਂਦੀ ਹੈ। (1.1, 1.2, 1.3, 1.4, 1.5)

## ਬੁਨਿਆਦੀ ਕਦਮ

### ਕਾਰਵਾਈਆਂ

- ਨਸਲਵਾਦ ਦੀਆਂ ਘਟਨਾਵਾਂ ਨੂੰ ਲਗਾਤਾਰ ਪਛਾਣਿਆ ਅਤੇ ਹੱਲ ਕੀਤਾ ਜਾਂਦਾ ਹੈ। (1.3)
- ਸੰਸਥਾ ਪਹਿਲਾਂ ਹੀ ਚੁੱਕੇ ਗਏ ਕਦਮਾਂ ਦੀ ਪਛਾਣ ਕਰਦੀ ਹੈ ਜੋ :
  - ਐਬੋਰਿਜ਼ਨਲ ਬੱਚਿਆਂ ਦੀ ਭਲਾਈ ਅਤੇ ਸੁਰੱਖਿਆ ਲਈ ਐਬੋਰਿਜ਼ਨਲ ਸੱਭਿਆਚਾਰ ਦਾ ਮਹੱਤਤਾ ਨੂੰ ਸਮਝਣ, ਆਦਰ ਅਤੇ ਕਦਰ ਕਰਨ ਲਈ ਸਟਾਫ਼ ਅਤੇ ਵਾਲੰਟੀਅਰਾਂ ਅਤੇ ਆਗੂਆਂ ਨੂੰ ਸਹਾਇਤਾ, ਮਾਰਗਦਰਸ਼ਨ ਜਾਂ ਸਿਖਲਾਈ ਦੇਣ ਲਈ ਹਨ(1.2 ਅਤੇ 8.4 ਦੇ ਲਿੰਕ)
  - ਐਬੋਰਿਜ਼ਨਲ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਭਾਗੀਦਾਰੀ ਅਤੇ ਸ਼ਮੂਲੀਅਤ ਕਰਵਾਉਣ ਲਈ ਸਰਗਰਮੀ ਨਾਲ ਸਮਰਥਨ ਅਤੇ ਸਹੂਲਤ ਪ੍ਰਦਾਨ ਕਰਨ ਲਈ ਹਨ (1.4)
  - ਐਬੋਰਿਜ਼ਨਲ ਲੋਕਾਂ, ਉਹਨਾਂ ਦੀਆਂ ਪ੍ਰਾਪਤੀਆਂ, ਭਾਈਚਾਰਿਆਂ ਅਤੇ ਸੱਭਿਆਚਾਰਾਂ ਨੂੰ ਪਛਾਣਨ ਅਤੇ ਉਹਨਾਂ ਦਾ ਜਸ਼ਨ ਮਨਾਉਣ ਲਈ ਹਨ (1.2)
  - ਯਕੀਨੀ ਬਣਾਉਣ ਲਈ ਹਨ ਕਿ ਸੰਸਥਾ ਦੇ ਅੰਦਰ ਨਸਲਵਾਦ ਦੀ ਪਛਾਣ ਕੀਤੀ ਗਈ ਹੈ ਅਤੇ ਉਚਿਤ ਢੰਗ ਨਾਲ ਹੱਲ ਕੀਤਾ ਗਿਆ ਹੈ (1.3)
  - ਸੰਸਥਾ ਦੇ ਅੰਦਰ ਐਬੋਰਿਜ਼ਨਲ ਬੱਚਿਆਂ ਲਈ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਮਾਹੌਲ ਤਿਆਰ ਕਰਨ ਲਈ ਹਨ। (1.5 ਅਤੇ 5.4 ਦੇ ਲਿੰਕ)
- ਪਹਿਲਾਂ ਹੀ ਚੁੱਕੇ ਗਏ ਕਦਮਾਂ ਅਤੇ ਪਛਾਣੇ ਗਏ ਕਿਸੇ ਵੀ ਅੰਤਰ ਨੂੰ ਧਿਆਨ ਵਿੱਚ ਰੱਖਦੇ ਹੋਏ, ਪਛਾਣ ਕਰੋ ਕਿ ਮਿਆਰ 1 ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਸੰਸਥਾ ਨੂੰ ਕਿਹੜੀਆਂ ਕਾਰਵਾਈਆਂ ਕਰਨ ਦੀ ਲੋੜ ਹੈ। ਕਾਰਵਾਈ ਯੋਜਨਾ ਨੂੰ ਕਾਰਵਾਈ ਕਰਨ ਲਈ ਜ਼ਿੰਮੇਵਾਰ ਵਿਅਕਤੀ ਜਾਂ ਟੀਮ, ਉਪਲਬਧ ਸਰੋਤਾਂ ਅਤੇ ਸਮਾਂ-ਸੀਮਾ ਦੀ ਪਛਾਣ ਕਰਨੀ ਚਾਹੀਦੀ ਹੈ। (1.1, 1.2, 1.3, 1.4, 1.5)

## ਅਗਲੇਰੇ ਕਦਮ

### ਦਸਤਾਵੇਜ਼

- ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ ਸਮੇਤ ਨੀਤੀਆਂ ਅਤੇ ਪ੍ਰਕਿਰਿਆਵਾਂ, ਸੰਸਥਾ ਦੀਆਂ ਉਮੀਦਾਂ ਦਾ ਵਰਣਨ ਕਰਦੀਆਂ ਹਨ ਅਤੇ ਉਹਨਾਂ ਕਾਰਵਾਈਆਂ ਬਾਰੇ ਵਿਸਤ੍ਰਿਤ ਮਾਰਗਦਰਸ਼ਨ ਪ੍ਰਦਾਨ ਕਰਦੀਆਂ ਹਨ ਜੋ ਸਟਾਫ਼, ਵਾਲੰਟੀਅਰਾਂ ਅਤੇ ਆਗੂਆਂ ਨੂੰ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਮਾਹੌਲ ਸਥਾਪਤ ਕਰਨ ਲਈ ਕਰਨੀਆਂ ਚਾਹੀਦੀਆਂ ਹਨ ਜਿਸ ਵਿੱਚ ਐਬੋਰਿਜ਼ਨਲ ਬੱਚਿਆਂ ਦੀਆਂ ਵਿਭਿੰਨ ਅਤੇ ਵਿਲੱਖਣ ਪਛਾਣਾਂ ਅਤੇ ਅਨੁਭਵਾਂ ਦਾ ਆਦਰ ਅਤੇ ਕਦਰ ਕੀਤੀ ਜਾਂਦੀ ਹੈ। (1.5)

## ਕਾਰਵਾਈਆਂ

- ਸੰਸਥਾ ਐਬੋਰਿਜ਼ਨਲ ਲੋਕਾਂ, ਭਾਈਚਾਰਿਆਂ, ਸੱਭਿਆਚਾਰਾਂ ਅਤੇ ਕਦਰਾਂ-ਕੀਮਤਾਂ ਨੂੰ ਮਾਨਤਾ ਅਤੇ ਸਤਿਕਾਰ ਦੇ ਕੇ ਐਬੋਰਿਜ਼ਨਲ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਇੱਕ ਸ਼ਮੂਲੀਅਤ ਭਰਿਆ ਅਤੇ ਸੁਆਗਤੀ ਅਸਲ ਅਤੇ ਔਨਲਾਈਨ ਮਾਹੌਲ ਤਿਆਰ ਕਰਦੀ ਹੈ। (1.2)
- ਸਾਰੇ ਬੱਚੇ ਸੱਭਿਆਚਾਰਕ ਅਧਿਕਾਰਾਂ ਬਾਰੇ ਸੰਸਥਾ ਤੋਂ ਜਾਣਕਾਰੀ ਪ੍ਰਾਪਤ ਕਰਦੇ ਹਨ ਅਤੇ ਸੰਸਥਾ ਐਬੋਰਿਜ਼ਨਲ ਬੱਚਿਆਂ ਨੂੰ ਆਪਣੇ ਸੱਭਿਆਚਾਰ ਦਾ ਪ੍ਰਗਟਾਵਾ ਕਰਨ ਲਈ ਉਤਸ਼ਾਹਿਤ ਕਰਨ ਲਈ ਸਰਗਰਮ ਕਦਮ ਚੁੱਕਦੀ ਹੈ। ਜਦੋਂ ਬੱਚੇ ਆਪਣੇ ਸੱਭਿਆਚਾਰ ਦਾ ਪ੍ਰਗਟਾਵਾ ਕਰਦੇ ਹਨ, ਤਾਂ ਸੰਸਥਾ ਦੇ ਸਟਾਫ਼ ਅਤੇ ਵਾਲੰਟੀਅਰ ਉਹਨਾਂ ਨੂੰ ਸਮਰਥਨ ਦਿੰਦੇ ਹਨ। (1.1, 1.4 ਅਤੇ 3.1 ਦੇ ਲਿੰਕ)
- ਸੰਸਥਾ ਬੱਚਿਆਂ ਨੂੰ ਸ਼ਕਤੀ ਪ੍ਰਦਾਨ ਕਰਨ ਲਈ ਸੰਸਥਾ ਵਿੱਚ ਕਦਮ ਚੁੱਕਦੀ ਹੈ ਅਤੇ ਉਹਨਾਂ ਨੂੰ ਅਜਿਹੇ ਤਰੀਕੇ ਨਾਲ ਹਿੱਸਾ ਲੈਣ ਦੇ ਮੌਕੇ ਪ੍ਰਦਾਨ ਕਰਦੀ ਹੈ ਜੋ ਐਬੋਰਿਜ਼ਨਲ ਬੱਚਿਆਂ ਲਈ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਹੈ। (1.4 ਅਤੇ 3.6 ਦੇ ਲਿੰਕ)
- ਸੰਸਥਾ ਐਬੋਰਿਜ਼ਨਲ ਪਰਿਵਾਰਾਂ ਨੂੰ ਸੰਸਥਾ ਵਿੱਚ ਹਿੱਸਾ ਲੈਣ ਲਈ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਮੌਕੇ ਪ੍ਰਦਾਨ ਕਰਦੀ ਹੈ। (1.4)
- ਸੰਸਥਾ, ਸੰਸਥਾ ਦੇ ਭਾਈਚਾਰੇ ਦੇ ਮੈਂਬਰਾਂ ਨੂੰ ਇਹ ਪ੍ਰਦਾਨ ਕਰਦੀ ਹੈ:
  - ਸੱਭਿਆਚਾਰਕ ਅਧਿਕਾਰਾਂ, ਮੂਲਵਾਸੀ ਸੱਭਿਆਚਾਰਾਂ ਦੀਆਂ ਸ਼ਕਤੀਆਂ ਅਤੇ ਐਬੋਰਿਜ਼ਨਲ ਬੱਚਿਆਂ ਦੀ ਭਲਾਈ ਅਤੇ ਸੁਰੱਖਿਆ ਲਈ ਸੱਭਿਆਚਾਰ ਦੀ ਮਹੱਤਤਾ ਬਾਰੇ ਜਾਣਕਾਰੀ
  - ਸੱਭਿਆਚਾਰਕ ਸੁਰੱਖਿਆ ਅਤੇ ਐਬੋਰਿਜ਼ਨਲ ਬੱਚਿਆਂ ਲਈ ਬਾਲ ਸ਼ੋਸ਼ਣ ਅਤੇ ਨੁਕਸਾਨ ਦੀ ਰੋਕਥਾਮ ਵਿਚਕਾਰ ਸੰਬੰਧ ਬਾਰੇ ਜਾਣਕਾਰੀ
  - ਐਬੋਰਿਜ਼ਨਲ ਸੱਭਿਆਚਾਰਾਂ ਅਤੇ ਇਤਿਹਾਸਾਂ ਬਾਰੇ ਸਿੱਖਣ ਅਤੇ ਪ੍ਰਸ਼ੰਸਾ ਪ੍ਰਗਟ ਕਰਨ ਦੇ ਮੌਕੇ। (1.1, 1.2)
- ਉਹ ਰਣਨੀਤੀਆਂ ਨੂੰ ਵਿਕਸਤ, ਲਾਗੂ ਅਤੇ ਸੰਸਥਾ ਵਿੱਚ ਸ਼ਾਮਲ ਕੀਤਾ ਜਾਂਦਾ ਹੈ ਜੋ ਸੰਸਥਾ ਦੇ ਭਾਈਚਾਰੇ ਨੂੰ ਐਬੋਰਿਜ਼ਨਲ ਸੱਭਿਆਚਾਰਾਂ ਦੀਆਂ ਸ਼ਕਤੀਆਂ ਨੂੰ ਸਵੀਕਾਰ ਕਰਨ ਅਤੇ ਉਹਨਾਂ ਦੀ ਕਦਰ ਕਰਨ ਲਈ ਉਤਸ਼ਾਹਿਤ ਕਰਦੀਆਂ ਹਨ । (1.2)
- ਨਸਲਵਾਦ ਨੂੰ ਰੋਕਣ ਲਈ ਰਣਨੀਤੀਆਂ ਲਾਗੂ ਕੀਤੀਆਂ ਜਾਂਦੀਆਂ ਹਨ ਅਤੇ ਨਸਲਵਾਦ ਦੀਆਂ ਘਟਨਾਵਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਂਦਾ ਹੈ। (1.3)

# ਮਿਆਰ 2: ਬਾਲ ਸੁਰੱਖਿਆ ਅਤੇ ਤੰਦਰੁਸਤੀ ਨੂੰ ਸੰਸਥਾਤਮਕ ਲੀਡਰਸ਼ਿਪ, ਪ੍ਰਸ਼ਾਸਨ ਅਤੇ ਸੱਭਿਆਚਾਰ ਵਿੱਚ ਸ਼ਾਮਲ ਕੀਤਾ ਗਿਆ ਹੈ

**ਬਾਲ ਸੁਰੱਖਿਆ ਮਿਆਰ 2 ਦੀ ਪਾਲਣਾ ਕਰਦੇ ਹੋਏ, ਇੱਕ ਸੰਸਥਾ ਦਾ, ਘੱਟੋ-ਘੱਟ, ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ:**

2.1 ਉਹ ਸੰਸਥਾ ਬੱਚਿਆਂ ਦੀ ਸੁਰੱਖਿਆ ਲਈ ਜਨਤਕ ਵਚਨਬੱਧਤਾ ਕਰਦੀ ਹੈ।

2.2 ਬਾਲ ਸੁਰੱਖਿਅਤ ਸੱਭਿਆਚਾਰ ਨੂੰ ਸੰਸਥਾ ਦੇ ਸਾਰੇ ਪੱਧਰਾਂ 'ਤੇ ਉੱਪਰ ਤੋਂ ਹੇਠਾਂ ਅਤੇ ਹੇਠਾਂ ਤੋਂ ਉੱਪਰ ਤੱਕ ਸਮਰਥਿਤ ਅਤੇ ਪ੍ਰਦਰਸ਼ਿਤ ਕੀਤਾ ਜਾਂਦਾ ਹੈ।

2.3 ਪ੍ਰਸ਼ਾਸਨ ਪ੍ਰਬੰਧ ਸਾਰੇ ਪੱਧਰਾਂ 'ਤੇ ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ ਨੂੰ ਲਾਗੂ ਕਰਨ ਦੀ ਸਹੂਲਤ ਦਿੰਦੇ ਹਨ।

2.4 ਆਚਾਰ-ਸੰਹਿਤਾ ਸਟਾਫ਼ ਅਤੇ ਵਾਲੰਟੀਅਰਾਂ ਲਈ ਸੰਭਾਵਿਤ ਵਿਵਹਾਰ ਸੰਬੰਧੀ ਮਿਆਰਾਂ ਅਤੇ ਜ਼ਿੰਮੇਵਾਰੀਆਂ ਬਾਰੇ ਦਿਸ਼ਾ-ਨਿਰਦੇਸ਼ ਪ੍ਰਦਾਨ ਕਰਦੀ ਹੈ।

2.5 ਜ਼ੋਖਮ ਪ੍ਰਬੰਧਨ ਰਣਨੀਤੀਆਂ ਬੱਚਿਆਂ ਅਤੇ ਯੁਵਾਵਾਂ ਲਈ ਜ਼ੋਖਮਾਂ ਨੂੰ ਰੋਕਣ, ਪਛਾਣ ਕਰਨ ਅਤੇ ਘਟਾਉਣ 'ਤੇ ਧਿਆਨ-ਕੇਂਦਰਿਤ ਕਰਦੀਆਂ ਹਨ।

2.6 ਸਟਾਫ਼ ਅਤੇ ਵਲੰਟੀਅਰ ਜਾਣਕਾਰੀ ਸਾਂਝੀ ਕਰਨ ਅਤੇ ਰਿਕਾਰਡ ਰੱਖਣ ਬਾਰੇ ਆਪਣੀਆਂ ਕਾਨੂੰਨੀ ਜ਼ਿੰਮੇਵਾਰੀਆਂ ਨੂੰ ਸਮਝਦੇ ਹਨ।

## ਮੁੱਖ ਨੁਕਤੇ

- ਤੁਹਾਡੀ ਸੰਸਥਾ ਦੀ ਬਾਲ ਸੁਰੱਖਿਆ ਲਈ ਜਨਤਕ ਵਚਨਬੱਧਤਾ ਹੋਣੀ ਲਾਜ਼ਮੀ ਹੈ। ਇਹ ਪੂਰੇ ਭਾਈਚਾਰੇ ਨੂੰ ਇਹ ਸੰਕੇਤ ਦਿੰਦੀ ਹੈ ਕਿ ਤੁਹਾਡੀ ਸੰਸਥਾ ਬੱਚਿਆਂ ਦੀ ਸੁਰੱਖਿਆ ਨੂੰ ਤਰਜੀਹ ਦਿੰਦੀ ਹੈ ਅਤੇ ਬੱਚਿਆਂ ਨਾਲ ਸ਼ੋਸ਼ਣ ਜਾਂ ਨੁਕਸਾਨ ਨੂੰ ਬਰਦਾਸ਼ਤ ਨਹੀਂ ਕਰੇਗੀ।
- ਬਾਲ ਸੁਰੱਖਿਅਤ ਸੱਭਿਆਚਾਰ ਦਾ ਮਤਲਬ ਹੈ ਕਿ ਕਿਸੇ ਸੰਸਥਾ ਦੇ ਰਵੱਈਏ, ਕਦਰਾਂ-ਕੀਮਤਾਂ, ਨੀਤੀਆਂ ਅਤੇ ਕੰਮ ਕਰਨ ਦੇ ਤਰੀਕੇ ਇਸ ਪੱਖੋਂ ਸਾਂਝੇ ਹਨ ਜੋ ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਤਰਜੀਹ ਦਿੰਦੇ ਹਨ।
- ਬਾਲ ਸੁਰੱਖਿਅਤ ਸੱਭਿਆਚਾਰ ਹੋਣ ਲਈ ਤੁਹਾਡੀ ਸੰਸਥਾ ਨੂੰ ਸੰਸਥਾ ਵਿੱਚ ਆਗੂਆਂ, ਸਟਾਫ਼, ਵਲੰਟੀਅਰਾਂ, ਮੈਂਬਰਾਂ ਅਤੇ ਬੱਚਿਆਂ ਦੀ ਰੋਜ਼ਮਰਾ ਸੋਚ ਅਤੇ ਕਾਰਵਾਈਆਂ ਵਿੱਚ ਬਾਲ ਸੁਰੱਖਿਆ ਦਾ ਨਿਰਮਾਣ ਕਰਨ ਦੀ ਲੋੜ ਹੁੰਦੀ ਹੈ।
- ਤੁਹਾਡੀ ਸੰਸਥਾ ਦਾ ਭਾਈਚਾਰਾ ਸੰਸਥਾ ਦੀਆਂ ਕਦਰਾਂ-ਕੀਮਤਾਂ ਨੂੰ ਮੂਰਤੀਮਾਨ ਕਰਨ ਲਈ ਆਗੂਆਂ ਵੱਲ ਦੇਖਦਾ ਹੈ। ਇਸਦਾ ਮਤਲਬ ਹੈ ਕਿ ਆਗੂਆਂ ਦਾ ਵਿਵਹਾਰ ਬਾਲ ਸੁਰੱਖਿਅਤ ਸੱਭਿਆਚਾਰ ਨਿਰਮਾਣ ਦੀ ਕੁੰਜੀ ਹੈ। ਆਗੂਆਂ ਨੂੰ ਲਾਜ਼ਮੀ ਤੌਰ 'ਤੇ ਬਾਲ ਸੁਰੱਖਿਅਤ ਕੰਮ ਕਰਨ ਦੇ ਤਰੀਕਿਆਂ ਦਾ ਸਮਰਥਨ ਕਰਨਾ ਚਾਹੀਦਾ ਹੈ ਅਤੇ ਉਦਾਹਰਨ ਬਣਕੇ ਅਗਵਾਈ ਕਰਨੀ ਚਾਹੀਦੀ ਹੈ, ਸਟਾਫ਼ ਅਤੇ ਵਲੰਟੀਅਰਾਂ ਤੋਂ ਉਮੀਦ ਕੀਤੇ ਵਿਵਹਾਰ ਨੂੰ ਆਪਣੇ ਵਿਵਹਾਰ ਵਿੱਚ ਝਲਕਾਉਣਾ ਚਾਹੀਦਾ ਹੈ ਅਤੇ ਬੱਚਿਆਂ ਲਈ ਨੁਕਸਾਨਦੇਹ ਵਿਵਹਾਰ ਨੂੰ ਬਰਦਾਸ਼ਤ ਨਹੀਂ ਕਰਨਾ ਚਾਹੀਦਾ ਹੈ।
- ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ ਦੱਸਦੀ ਹੈ ਕਿ ਤੁਹਾਡੀ ਸੰਸਥਾ ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਕਿਵੇਂ ਤਰਜੀਹ ਦਿੰਦੀ ਹੈ ਅਤੇ ਉਹ ਅਜਿਹਾ ਕਰਨ ਲਈ ਕਿਹੜੇ ਕਦਮ ਚੁੱਕੇਗੀ। ਇਹ ਸਟਾਫ਼, ਵਾਲੰਟੀਅਰਾਂ ਅਤੇ ਸੰਸਥਾ ਦੇ ਭਾਈਚਾਰੇ ਲਈ ਬਾਲ ਸੁਰੱਖਿਅਤ ਕੰਮ ਕਰਨ ਦੇ ਤਰੀਕਿਆਂ ਬਾਰੇ ਸੰਸਥਾ ਦੀਆਂ ਉਮੀਦਾਂ ਨੂੰ

ਨਿਰਧਾਰਤ ਕਰਦੀ ਹੈ। ਇਸ ਬਾਰੇ ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ ਬਣਾਉਣਾ (Creating a Child Safety and Wellbeing Policy) ਵਿੱਚ ਹੋਰ ਪੜ੍ਹੋ।

- ਪ੍ਰਸ਼ਾਸਨ ਇੱਕ ਸੰਸਥਾ ਦੀ ਅਗਵਾਈ, ਨਿਗਰਾਨੀ ਅਤੇ ਜਵਾਬਦੇਹੀ ਪ੍ਰਕਿਰਿਆਵਾਂ ਨੂੰ ਦਰਸਾਉਂਦਾ ਹੈ। ਪ੍ਰਸ਼ਾਸਨ ਵਿੱਚ ਇਸ ਸੰਬੰਧੀ ਸੰਸਥਾ ਦੇ ਨਿਯਮ ਸ਼ਾਮਲ ਹੁੰਦੇ ਹਨ ਕਿ ਫ਼ੈਸਲੇ ਲੈਣ ਦਾ ਅਧਿਕਾਰ ਕਿਸ ਕੋਲ ਹੈ, ਫ਼ੈਸਲਿਆਂ ਨੂੰ ਕਿਵੇਂ ਲਿਆ ਜਾਣਾ ਅਤੇ ਨਿਗਰਾਨੀ ਕੀਤੀ ਜਾਣੀ ਚਾਹੀਦੀ ਹੈ, ਅਤੇ ਲੋਕਾਂ ਨੂੰ ਕਿਵੇਂ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ।[13]
- ਹਾਲਾਂਕਿ ਵੱਖ-ਵੱਖ ਸੰਸਥਾਵਾਂ ਵਿੱਚ ਪ੍ਰਸ਼ਾਸਨ ਪ੍ਰਬੰਧ ਵੱਖੋ-ਵੱਖਰੇ ਹੁੰਦੇ ਹਨ, ਉਨ੍ਹਾਂ ਨੂੰ ਲਾਜ਼ਮੀ ਤੌਰ 'ਤੇ ਬਾਲ ਸੁਰੱਖਿਅਤ ਸੱਭਿਆਚਾਰ ਦੇ ਵਿਕਾਸ ਵਿੱਚ ਸਹਾਇਤਾ ਕਰਨ ਲਈ ਤੁਹਾਡੀ ਸੰਸਥਾ ਦੀ ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ ਨੂੰ ਉੱਪਰ ਤੋਂ ਹੇਠਾਂ ਅਤੇ ਹੇਠਾਂ ਤੋਂ ਉੱਪਰ ਦੋਵਾਂ ਤੱਕ ਲਾਗੂ ਕਰਨ ਲਈ ਸਮਰਥਨ ਕਰਨਾ ਚਾਹੀਦਾ ਹੈ। ਇਸਦਾ ਮਤਲਬ ਹੈ ਕਿ ਆਗੂਆਂ ਨੇ ਸੰਸਥਾ ਦੇ ਭਾਈਚਾਰੇ ਤੋਂ ਜਾਣਕਾਰੀ ਲੈ ਕੇ, ਬਾਲ ਸੁਰੱਖਿਆ ਅਤੇ ਤੰਦਰੁਸਤੀ 'ਤੇ ਸੰਸਥਾ ਲਈ ਇੱਕ ਸਪੱਸ਼ਟ ਦਿਸ਼ਾ ਤੈਅ ਕੀਤੀ ਹੈ। ਸੰਸਥਾ ਦੇ ਪ੍ਰਸ਼ਾਸਨ ਪ੍ਰਬੰਧਾਂ ਵਿੱਚ ਪਾਰਦਰਸ਼ਤਾ ਦੀ ਸਹੂਲਤ ਵੀ ਹੋਣੀ ਚਾਹੀਦੀ ਹੈ ਅਤੇ ਆਗੂਆਂ ਨੂੰ ਤੈਅ ਕੀਤੀ ਦਿਸ਼ਾ ਦੀ ਪ੍ਰਾਪਤੀ ਲਈ ਜਵਾਬਦੇਹ ਬਣਾਉਣਾ ਚਾਹੀਦਾ ਹੈ।
- ਆਚਾਰ-ਸੰਹਿਤਾ ਵਿੱਚ ਬੱਚਿਆਂ ਨਾਲ ਸਵੀਕਾਰਯੋਗ ਅਤੇ ਅਸਵੀਕਾਰਨਯੋਗ ਵਿਵਹਾਰਾਂ ਦੀ ਸੂਚੀ ਹੋਣੀ ਚਾਹੀਦੀ ਹੈ। ਇਹ ਪੇਸ਼ੇਵਰਤਾ ਦੀਆਂ ਸੀਮਾਵਾਂ, ਨੈਤਿਕ ਵਿਵਹਾਰ, ਵਿਵਹਾਰ ਦੇ ਸੰਭਾਵਿਤ ਮਾਪਦੰਡਾਂ ਅਤੇ ਸਵੀਕਾਰਯੋਗ ਅਤੇ ਅਸਵੀਕਾਰਨਯੋਗ ਸੰਬੰਧਾਂ ਨੂੰ ਲਿਖਤੀ ਰੂਪ ਵਿੱਚ ਦਰਸਾਉਂਦਾ ਹੈ। ਆਚਾਰ-ਸੰਹਿਤਾ ਵਿਕਸਿਤ ਕਰਨਾ (Developing a Code of Conduct) ਵਿੱਚ ਇਸ ਬਾਰੇ ਹੋਰ ਪੜ੍ਹੋ।
- ਸੰਸਥਾ ਵਿੱਚ ਪ੍ਰਸ਼ਾਸਨ ਪ੍ਰਬੰਧਾਂ ਨੂੰ ਸੀਨੀਅਰ ਆਗੂਆਂ ਦੀ ਇਸ ਗੱਲ ਪ੍ਰਤੀ ਨਿਗਰਾਨੀ ਕਰਨ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ ਕਿ ਕੀ ਸੰਸਥਾ ਵਿੱਚ ਜ਼ੋਖਮ ਮੁਲਾਂਕਣ ਅਤੇ ਪ੍ਰਬੰਧਨ ਬਾਲ ਸ਼ੋਸ਼ਣ ਅਤੇ ਨੁਕਸਾਨ ਦੇ ਜ਼ੋਖਮਾਂ ਦੀ ਪਛਾਣ ਕਰਨ, ਰੋਕਣ ਅਤੇ ਘਟਾਉਣ 'ਤੇ ਸਹੀ ਤਰ੍ਹਾਂ ਕੇਂਦਰਿਤ ਹੈ ਜਾਂ ਨਹੀਂ। ਬਾਲ ਸੁਰੱਖਿਅਤ ਸੰਸਥਾ ਬਣਾਉਣ ਲਈ ਇੱਕ ਗਾਈਡ (A guide for creating a Child Safe Organisation) ਵਿੱਚ ਮਿਆਰ 9 ਜ਼ੋਖਮ ਦੀ ਪਛਾਣ ਕਰਨ ਅਤੇ ਪ੍ਰਬੰਧਨ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰਦਾ ਹੈ।
- ਬਾਲ ਸੁਰੱਖਿਆ ਦੇ ਪ੍ਰਬੰਧਨ ਲਈ ਢੁੱਕਵੀਂ ਜਾਣਕਾਰੀ ਸਾਂਝਾ ਕਰਨਾ ਮਹੱਤਵਪੂਰਨ ਹੈ। ਤੁਹਾਡੀ ਸੰਸਥਾ ਦੇ ਸੱਭਿਆਚਾਰ, ਪ੍ਰਣਾਲੀਆਂ ਅਤੇ ਪ੍ਰਕਿਰਿਆਵਾਂ ਨੂੰ ਬੱਚਿਆਂ ਲਈ ਮੌਜੂਦ ਖ਼ਤਰਿਆਂ ਬਾਰੇ ਹਰ ਪੱਧਰ 'ਤੇ ਪ੍ਰਭਾਵਸ਼ਾਲੀ ਜਾਣਕਾਰੀ ਸਾਂਝੀ ਕਰਨ ਦਾ ਸਮਰਥਨ ਕਰਨਾ ਚਾਹੀਦਾ ਹੈ। ਸਟਾਫ਼ ਅਤੇ ਵਲੰਟੀਅਰਾਂ ਨੂੰ ਆਪਣੀਆਂ ਕਾਨੂੰਨੀ ਜ਼ਿੰਮੇਵਾਰੀਆਂ ਬਾਰੇ ਸਪੱਸ਼ਟ ਜਾਣਕਾਰੀ ਹੋਣ ਦੀ ਲੋੜ ਹੈ।
- ਇੱਕ ਵਧੀਆ ਰਿਕਾਰਡ ਰੱਖਣ ਦੀ ਪ੍ਰਣਾਲੀ ਪਾਰਦਰਸ਼ਤਾ ਅਤੇ ਜਵਾਬਦੇਹੀ, ਅਤੇ ਤੁਹਾਡੇ ਸੰਸਥਾ ਦੀ ਸਮੁੱਚੀ ਅਖੰਡਤਾ ਲਈ ਧੁਰਾ ਹੈ। ਬੱਚਿਆਂ ਨਾਲ ਸ਼ੋਸ਼ਣ ਜਾਂ ਨੁਕਸਾਨ ਦੀ ਸ਼ਿਕਾਇਤ ਦਾ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇਣ ਲਈ ਸਹੀ ਰਿਕਾਰਡ ਬਣਾਉਣਾ, ਰੱਖਣਾ ਅਤੇ ਸੰਭਾਲਣਾ ਮਹੱਤਵਪੂਰਨ ਹੈ।
- ਜਾਣਕਾਰੀ ਸਾਂਝੀ ਕਰਦੇ ਸਮੇਂ ਅਤੇ ਸੁਰੱਖਿਅਤ ਰਿਕਾਰਡ ਰੱਖਣ ਵੇਲੇ ਸ਼ਾਮਲ ਲੋਕਾਂ ਦੀ ਗੁਪਤਤਾ ਅਤੇ ਨਿੱਜਤਾ ਨੂੰ ਹਮੇਸ਼ਾ ਵਿਚਾਰਿਆ ਜਾਣਾ ਚਾਹੀਦਾ ਹੈ।

[13] ਪ੍ਰਸ਼ਾਸਨ ਕੀ ਹੈ? (What is governance?), ਆਸਟ੍ਰੇਲੀਆ ਦੇ ਗਵਰਨੈਂਸ ਇੰਸਟੀਚਿਊਟ ਤੋਂ ਜਾਣਕਾਰੀ ਲੈ ਕੇ ਬਣਾਇਆ ਗਿਆ ਹੈ।

## ਨਿਯਮ-ਕਾਨੂੰਨ ਪਾਲਣਾ ਸੂਚਕ

### ਇਸ ਮਿਆਰ ਦਾ ਮੁਲਾਂਕਣ ਕਰਨ ਵੇਲੇ ਕਮਿਸ਼ਨ ਕੀ ਦੇਖੇਗਾ?

ਸੰਸਥਾਵਾਂ ਸੁਭਾਵਿਕ ਤੌਰ 'ਤੇ ਕਾਨੂੰਨ ਪਾਲਣਾ ਕਰ ਰਹੀਆ ਹੋਣਗੀਆਂ ਜੇਕਰ ਉਹ ਇਸ ਤਰੀਕੇ ਨਾਲ ਇਹ ਦਸਤਾਵੇਜ਼ ਤਿਆਰ ਕਰਦੇ ਹਨ ਅਤੇ ਇਨ੍ਹਾਂ ਕਾਰਵਾਈਆਂ ਨੂੰ ਕਰਦੇ ਹਨ ਜੋ ਉਸ ਸੰਸਥਾ ਨੂੰ ਇਸ ਮਿਆਰ ਨੂੰ ਹਾਸਿਲ ਕਰਨ ਵਿੱਚ ਮੱਦਦ ਕਰਦਾ ਹੈ।[14]

### ਦਸਤਾਵੇਜ਼

- ਬੱਚਿਆਂ ਦੀ ਸੁਰੱਖਿਆ ਲਈ ਜਨਤਕ ਵਚਨਬੱਧਤਾ ਉਪਲਬਧ ਹੈ ਅਤੇ ਜਨਤਕ ਪਹੁੰਚ ਲਈ ਪ੍ਰਦਰਸ਼ਿਤ ਕੀਤੀ ਗਈ ਹੈ। (2.1)
- ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ ਹਰੇਕ ਮਿਆਰਾਂ ਦੇ ਸੰਬੰਧ ਵਿੱਚ ਸੰਸਥਾ ਦੀਆਂ ਉਮੀਦਾਂ ਅਤੇ ਕੰਮ ਕਰਨ ਦੇ ਤਰੀਕਿਆਂ ਨੂੰ ਨਿਰਧਾਰਤ ਕਰਦੀ ਹੈ। (2.3)
- ਆਚਾਰ-ਸੰਹਿਤਾ ਸਟਾਫ਼ ਅਤੇ ਵਾਲੰਟੀਅਰਾਂ ਦੇ ਬੱਚਿਆਂ ਨਾਲ ਵਿਵਹਾਰ ਅਤੇ ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਅਤੇ ਬਰਕਰਾਰ ਰੱਖਣ ਸੰਬੰਧੀ ਉਮੀਦਾਂ ਨਿਰਧਾਰਤ ਕਰਦੀ ਹੈ। (2.4)

### ਕਾਰਵਾਈਆਂ

- ਸੰਸਥਾ ਦੇ ਆਗੂ, ਸਟਾਫ਼, ਵਲੰਟੀਅਰ, ਮੈਂਬਰ ਅਤੇ ਬੱਚੇ,  ਬਾਲ ਸੁਰੱਖਿਅਤ ਸੱਭਿਆਚਾਰ ਨੂੰ ਸਮਰਥਨ ਅਤੇ ਪ੍ਰਦਰਸ਼ਿਤ ਕਰਦੇ ਹਨ। ਉਹ ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਸਮਰਥਨ ਪ੍ਰਗਟ ਕਰਦੇ ਹਨ, ਬੱਚਿਆਂ ਦੀ ਸੁਰੱਖਿਆ ਬਾਰੇ ਚਿੰਤਾਵਾਂ ਹੋਣ 'ਤੇ ਕਾਰਵਾਈ ਕਰਦੇ ਹਨ ਅਤੇ ਰੋਜ਼ਮਰਾ ਦੇ ਕੰਮ ਦੇ ਹਿੱਸੇ ਵਜੋਂ ਬੱਚਿਆਂ ਦੀ ਸੁਰੱਖਿਆ ਨੂੰ ਤਰਜੀਹ ਦਿੰਦੇ ਹਨ। (2.2)
- ਆਗੂਆਂ ਨੇ ਬਾਲ ਸੁਰੱਖਿਆ ਬਾਰੇ ਸਪੱਸ਼ਟ ਉਮੀਦਾਂ ਨਿਰਧਾਰਤ ਕੀਤੀਆਂ ਹਨ ਅਤੇ ਇਹ ਯਕੀਨੀ ਬਣਾਇਆ ਹੈ ਕਿ ਸਟਾਫ਼ ਅਤੇ ਵਾਲੰਟੀਅਰਾਂ ਦੁਆਰਾ ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ ਲਾਗੂ ਹੈ। (2.3)
- ਆਗੂ ਰਿਪੋਰਟਿੰਗ ਕਰਨ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਦੇ ਹਨ। (2.2, 2.3)
- ਪ੍ਰਸ਼ਾਸਨ ਪ੍ਰਬੰਧਾਂ ਦਾ ਮਤਲਬ ਹੈ ਕਿ ਸੀਨੀਅਰ ਆਗੂ ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਪ੍ਰਦਾਨ ਕਰਨ ਵਿੱਚ ਸੰਸਥਾ ਦੀ ਕਾਰਗੁਜ਼ਾਰੀ ਦੀ ਨਿਯਮਤ ਤੌਰ 'ਤੇ ਸਮੀਖਿਆ ਕਰਦੇ ਹਨ। (2.3 ਅਤੇ 10.1 ਦੇ ਲਿੰਕ)
- ਪ੍ਰਸ਼ਾਸਨ ਪ੍ਰਬੰਧਾਂ ਦਾ ਮਤਲਬ ਹੈ ਕਿ ਸੀਨੀਅਰ ਨੇਤਾ ਨਿਗਰਾਨੀ ਕਰਦੇ ਹਨ ਕਿ ਕੀ ਸੰਸਥਾ ਵਿੱਚ ਜ਼ੋਖਮ ਮੁਲਾਂਕਣ ਅਤੇ ਪ੍ਰਬੰਧਨ ਬਾਲ ਸ਼ੋਸ਼ਣ ਅਤੇ ਨੁਕਸਾਨ ਦੇ ਜ਼ੋਖਮਾਂ ਦੀ ਪਛਾਣ ਕਰਨ, ਰੋਕਣ ਅਤੇ ਘਟਾਉਣ 'ਤੇ ਸਹੀ ਤਰ੍ਹਾਂ ਕੇਂਦਰਿਤ ਹਨ ਜਾਂ ਨਹੀਂ। (2.5 ਅਤੇ 9.1, 9.3 ਦੇ ਲਿੰਕ)
- ਸਟਾਫ਼ ਅਤੇ ਵਾਲੰਟੀਅਰ ਜਾਣਕਾਰੀ ਸਾਂਝੀ ਕਰਨ ਅਤੇ ਰਿਕਾਰਡ ਰੱਖਣ ਦੀਆਂ ਆਪਣੀਆਂ ਕਾਨੂੰਨੀ ਜ਼ਿੰਮੇਵਾਰੀਆਂ ਨੂੰ ਸਮਝਦੇ ਹਨ। (2.6)
- ਆਚਾਰ-ਸੰਹਿਤਾ ਸਾਰੇ ਸਟਾਫ਼ ਅਤੇ ਵਲੰਟੀਅਰਾਂ ਨੂੰ ਸੰਚਾਰਿਤ ਕੀਤੀ ਜਾਂਦੀ ਹੈ ਅਤੇ ਆਗੂ ਉਹਨਾਂ ਨੂੰ ਇਸਦੀ ਪਾਲਣਾ ਕਰਨਾ ਸਵੀਕਾਰ ਕਰਵਾਉਣ ਲਈ ਜ਼ਿੰਮੇਵਾਰ ਹਨ। (2.4)

---

[14] ਤੁਹਾਡੀ ਸੰਸਥਾ ਦੇ ਸੁਭਾਅ ਜਾਂ ਵਿਸ਼ੇਸ਼ਤਾਵਾਂ ਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਨੂੰ ਇਸ ਗਾਈਡ ਵਿੱਚ ਪ੍ਰਸਤਾਵਿਤ ਚੀਜ਼ਾਂ ਤੋਂ ਕੁੱਝ ਵੱਖਰਾ ਕਰਨ ਦੀ ਲੋੜ ਹੈ। ਜੇਕਰ ਅਜਿਹਾ ਹੈ, ਤਾਂ ਤੁਹਾਨੂੰ ਇਹ ਦੱਸਣਾ ਪੈ ਸਕਦਾ ਹੈ ਕਿ ਤੁਹਾਡੀ ਪਹੁੰਚ ਨਤੀਜਿਆਂ ਅਤੇ ਮਿਆਰਾਂ ਦੀਆਂ ਘੱਟੋ-ਘੱਟ ਲੋੜਾਂ ਦੀ ਕਿਵੇਂ ਪਾਲਣਾ ਕਰਦੀ ਹੈ। ਕੁੱਝ ਸੈਕਟਰਾਂ ਅਤੇ ਸੰਸਥਾਵਾਂ ਕੋਲ ਸਹਿ-ਰੈਗੂਲੇਟਰ ਹਨ ਜਿਨ੍ਹਾਂ ਨੇ ਵਿਸ਼ੇਸ਼ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹੋਏ ਹਨ। ਜਿੱਥੇ ਇਨ੍ਹਾਂ ਮਿਆਰਾਂ 'ਤੇ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ ਤੁਹਾਡੀ ਸੰਸਥਾ 'ਤੇ ਲਾਗੂ ਹੁੰਦੇ ਹਨ, ਅਤੇ ਇਸ ਗਾਈਡ ਤੋਂ ਵੱਖਰੀ ਹੈ, ਤੁਹਾਡੀ ਸੰਸਥਾ ਨੂੰ ਉਸ ਸੈਕਟਰ ਵਿੱਚ ਆਪਣੇ ਕੰਮਕਾਜ ਲਈ ਉਸ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

# ਮਿਆਰ 3: ਬੱਚਿਆਂ ਅਤੇ ਯੁਵਾਵਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਸ਼ਕਤੀ ਦਿੱਤੀ ਜਾਂਦੀ ਹੈ, ਉਹ ਉਹਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲਿਆਂ ਵਿੱਚ ਹਿੱਸਾ ਲੈਂਦੇ ਹਨ ਅਤੇ ਉਹਨਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ

**ਬਾਲ ਸੁਰੱਖਿਆ ਮਿਆਰ 3 ਦੀ ਪਾਲਣਾ ਕਰਦੇ ਹੋਏ, ਇੱਕ ਸੰਸਥਾ ਦਾ, ਘੱਟੋ-ਘੱਟ, ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ:**

3.1 ਬੱਚਿਆਂ ਅਤੇ ਯੁਵਾਵਾਂ ਨੂੰ ਸੁਰੱਖਿਆ, ਜਾਣਕਾਰੀ ਅਤੇ ਭਾਗੀਦਾਰੀ ਸਮੇਤ ਉਹਨਾਂ ਦੇ ਸਾਰੇ ਅਧਿਕਾਰਾਂ ਬਾਰੇ ਸੂਚਿਤ ਕੀਤਾ ਜਾਂਦਾ ਹੈ।

3.2 ਬੱਚਿਆਂ ਅਤੇ ਯੁਵਾਵਾਂ ਨੂੰ ਸੁਰੱਖਿਅਤ ਅਤੇ ਘੱਟ ਇਕੱਲਾਪਣ ਮਹਿਸੂਸ ਕਰਨ ਵਿੱਚ ਮੱਦਦ ਕਰਨ ਲਈ ਦੋਸਤੀ ਦੀ ਮਹੱਤਤਾ ਨੂੰ ਪਛਾਣਿਆ ਜਾਂਦਾ ਹੈ ਅਤੇ ਸਾਥੀਆਂ ਤੋਂ ਸਮਰਥਨ ਕਰਨ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ।

3.3 ਜਿੱਥੇ ਸੈਟਿੰਗ ਜਾਂ ਸੰਦਰਭ ਨਾਲ ਸੰਬੰਧਿਤ ਹੋਵੇ, ਬੱਚਿਆਂ ਅਤੇ ਯੁਵਾਵਾਂ ਨੂੰ ਜਿਨਸੀ ਸ਼ੋਸ਼ਣ ਰੋਕਥਾਮ ਪ੍ਰੋਗਰਾਮਾਂ ਤੱਕ ਪਹੁੰਚ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਅਤੇ ਉਮਰ-ਮੁਤਾਬਕ ਢੁੱਕਵੇਂ ਤਰੀਕੇ ਨਾਲ ਢੁੱਕਵੀਂ ਅਤੇ ਸੰਬੰਧਿਤ ਜਾਣਕਾਰੀ ਤੱਕ ਪਹੁੰਚ ਦੀ ਪੇਸ਼ਕਸ਼ ਕੀਤੀ ਜਾਂਦੀ ਹੈ।

3.4 ਸਟਾਫ਼ ਅਤੇ ਵਾਲੰਟੀਅਰ ਨੁਕਸਾਨ ਦੇ ਸੰਕੇਤਾਂ ਨੂੰ ਸਮਝਣ ਜਾਂ ਪਛਾਣਨ ਦੇ ਯੋਗ ਹੁੰਦੇ ਹਨ ਅਤੇ ਬੱਚਿਆਂ ਅਤੇ ਯੁਵਾਵਾਂ ਲਈ ਆਪਣੇ ਵਿਚਾਰ ਪ੍ਰਗਟ ਕਰਨ, ਫ਼ੈਸਲੇ ਲੈਣ ਵਿੱਚ ਹਿੱਸਾ ਲੈਣ ਅਤੇ ਆਪਣੀਆਂ ਚਿੰਤਾਵਾਂ ਨੂੰ ਉਠਾਉਣ ਲਈ ਬੱਚਿਆਂ ਮੁਤਾਬਕ ਢੁੱਕਵੇਂ ਤਰੀਕਿਆਂ ਦੀ ਸਹੂਲਤ ਦਿੰਦੇ ਹਨ।

3.5 ਸੰਸਥਾਵਾਂ ਕੋਲ ਇੱਕ ਅਜਿਹਾ ਸੱਭਿਆਚਾਰ ਵਿਕਸਤ ਕਰਨ ਲਈ ਰਣਨੀਤੀਆਂ ਲਾਗੂ ਹਨ ਜੋ ਭਾਗੀਦਾਰੀ ਕਰਨ ਦੀ ਸਹੂਲਤ ਦਿੰਦੀਆਂ ਹਨ ਅਤੇ ਬੱਚਿਆਂ ਅਤੇ ਯੁਵਾਵਾਂ ਵੱਲੋਂ ਦਿੱਤੀ ਗਈ ਜਾਣਕਾਰੀ ਪ੍ਰਤੀ ਪ੍ਰਤੀਕਰਮ ਕਰਦੀਆਂ ਹਨ।

3.6 ਸੰਸਥਾਵਾਂ ਬੱਚਿਆਂ ਅਤੇ ਯੁਵਾਵਾਂ ਨੂੰ ਭਾਗ ਲੈਣ ਦੇ ਮੌਕੇ ਪ੍ਰਦਾਨ ਕਰਦੀਆਂ ਹਨ ਅਤੇ ਉਹਨਾਂ ਦੇ ਯੋਗਦਾਨਾਂ ਪ੍ਰਤੀ ਜਵਾਬਦੇਹ ਹੁੰਦੀਆਂ ਹਨ, ਜਿਸ ਨਾਲ ਭਰੋਸਾ ਅਤੇ ਸ਼ਮੂਲੀਅਤ ਮਜ਼ਬੂਤ ਹੁੰਦੀ ਹੈ।

## ਮੁੱਖ ਨੁਕਤੇ

- ਬੱਚੇ ਕਿਸੇ ਅਜਿਹੀ ਸੰਸਥਾ ਵਿੱਚ ਆਪਣੀਆਂ ਚਿੰਤਾਵਾਂ ਜਾਂ ਸ਼ਿਕਾਇਤਾਂ ਉਠਾਉਣ ਦੀ ਜ਼ਿਆਦਾ ਸੰਭਾਵਨਾ ਰੱਖਦੇ ਹਨ ਜੋ ਉਹਨਾਂ ਨੂੰ ਸ਼ਕਤੀ ਪ੍ਰਦਾਨ ਕਰਦੀਆਂ ਹਨ ਹੈ ਅਤੇ ਉਹਨਾਂ ਦੀ ਗੱਲ ਸੁਣਦੀਆਂ ਹਨ।
- ਬੱਚਿਆਂ ਦੇ ਵਿਚਾਰਾਂ ਦੁਆਰਾ ਬਣਾਈਆਂ ਗਈਆਂ ਨੀਤੀਆਂ ਅਤੇ ਕੰਮ ਕਰਨ ਦੇ ਤਰੀਕੇ ਬੱਚਿਆਂ ਨੂੰ ਹੋਣ ਵਾਲੇ ਨੁਕਸਾਨ ਨੂੰ ਬਿਹਤਰ ਢੰਗ ਨਾਲ ਰੋਕ ਸਕਦੇ ਹਨ।
- ਸ਼ਕਤੀਕਰਨ ਦਾ ਮਤਲਬ ਹੈ ਬੱਚਿਆਂ ਦੀ ਸ਼ਖ਼ਸੀਅਤ ਦਾ ਨਿਰਮਾਣ ਕਰਨਾ ਅਤੇ ਉਨ੍ਹਾਂ ਦੇ ਆਪਣੇ-ਆਪ ਅਤੇ ਸੰਸਥਾ ਵਿੱਚ ਵਿਸ਼ਵਾਸ ਨੂੰ ਮਜ਼ਬੂਤ ਕਰਨਾ। ਇਸ ਵਿੱਚ ਬੱਚਿਆਂ ਨੂੰ ਸੂਚਿਤ ਫ਼ੈਸਲੇ ਲੈਣ ਲਈ ਹੁਨਰ ਅਤੇ ਗਿਆਨ ਨਾਲ ਲੈਸ ਕਰਨਾ ਅਤੇ ਉਹਨਾਂ ਨੂੰ ਆਪਣੇ ਜੀਵਨ ਉੱਤੇ ਨਿਯੰਤਰਣ ਵਧਾਉਣ ਦੇ ਯੋਗ ਬਣਾਉਣਾ ਸ਼ਾਮਲ ਹੈ।[15]

[15] ਬੱਚਿਆਂ ਅਤੇ ਯੁਵਾਵਾਂ ਲਈ ਕਮਿਸ਼ਨ, ਸ਼ਕਤੀਕਰਨ ਅਤੇ ਭਾਗੀਦਾਰੀ: ਬੱਚਿਆਂ ਅਤੇ ਯੁਵਾਵਾਂ ਨਾਲ ਕੰਮ ਕਰਨ ਵਾਲੀਆਂ ਸੰਸਥਾਵਾਂ ਲਈ ਇੱਕ ਗਾਈਡ , 2021।

- ਬਾਲਗਾਂ ਵਾਂਗ ਹੀ, ਸਾਰੇ ਬੱਚਿਆਂ ਕੋਲ ਅਧਿਕਾਰ ਹਨ। ਅਧਿਕਾਰ ਬੁਨਿਆਦੀ ਹੱਕ ਹਨ ਜੋ ਹਰੇਕ ਵਿਅਕਤੀ ਨਾਲ ਜੁੜੇ ਹੋਏ ਹੁੰਦੇ ਹਨ, ਕਿਸੇ ਵੀ ਅੰਤਰ ਦੀ ਪਰਵਾਹ ਕੀਤੇ ਬਗ਼ੈਰ।
- ਬੱਚਿਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਬਾਰੇ ਸ਼ਕਤੀ ਦੇਣ ਦਾ ਮਤਲਬ ਹੈ ਲੀਡਰ, ਸਟਾਫ਼ ਅਤੇ ਵਾਲੰਟੀਅਰਾਂ ਸਮੇਤ ਸੰਸਥਾ ਦੇ ਸਾਰੇ ਲੋਕ :
  - ਹਰ ਸਮੇਂ ਬੱਚਿਆਂ ਦੇ ਅਧਿਕਾਰਾਂ ਨੂੰ ਬਰਕਰਾਰ ਰੱਖਦੇ ਹਨ ਅਤੇ ਉਨ੍ਹਾਂ ਦਾ ਸਨਮਾਨ ਕਰਦੇ ਹਨ
  - ਉਹਨਾਂ ਨੂੰ ਉਹਨਾਂ ਦੇ ਅਧਿਕਾਰਾਂ ਬਾਰੇ ਸਿੱਖਿਅਤ ਕਰਨ ਵਿੱਚ ਸਰਗਰਮ ਭੂਮਿਕਾ ਨਿਭਾਉਂਦੇ ਹਨ
  - ਉਹਨਾਂ ਦੇ ਅਧਿਕਾਰਾਂ ਦੀ ਵਰਤੋਂ ਕਰਨ ਵਿੱਚ ਉਹਨਾਂ ਦਾ ਸਮਰਥਨ ਕਰਦੇ ਹਨ।
- ਬੱਚਿਆਂ ਨੂੰ ਉਹਨਾਂ ਫ਼ੈਸਲਿਆਂ ਵਿੱਚ ਹਿੱਸਾ ਲੈਣ ਦਾ ਅਧਿਕਾਰ ਹੈ ਜੋ ਉਹਨਾਂ ਨੂੰ ਪ੍ਰਭਾਵਿਤ ਕਰਦੇ ਹਨ। ਭਾਗੀਦਾਰੀ ਬੱਚਿਆਂ ਨੂੰ ਆਪਣੀ ਗੱਲ ਕਹਿਣ ਅਤੇ ਜਾਣਕਾਰੀ ਭਰੇ ਫ਼ੈਸਲੇ ਲੈਣ ਦੇਣ ਦੇ ਮੌਕੇ ਦੇਣ ਬਾਰੇ ਹੈ। ਇਸ ਲਈ ਸੰਸਥਾਵਾਂ ਨੂੰ ਬੱਚਿਆਂ ਦੀਆਂ ਗੱਲਾਂ ਸੁਣਨ, ਰਾਏ ਜਾਣਨ ਅਤੇ ਉਨ੍ਹਾਂ ਦੇ ਆਧਾਰ 'ਤੇ ਢੁੱਕਵੀਆਂ ਤਬਦੀਲੀਆਂ ਕਰਨ ਦੀ ਲੋੜ ਹੁੰਦੀ ਹੈ।
- ਬੱਚਿਆਂ ਨੂੰ ਮਜ਼ਬੂਤ ਦੋਸਤੀਆਂ ਤੋਂ ਫ਼ਾਇਦਾ ਹੁੰਦਾ ਹੈ। ਉਹ ਆਪਣੇ ਦੋਸਤਾਂ ਨੂੰ ਸਹਾਇਤਾ, ਜਾਣਕਾਰੀ ਅਤੇ ਸਲਾਹ ਦੇ ਮੁੱਖ ਸਰੋਤ ਵਜੋਂ ਦੇਖ ਸਕਦੇ ਹਨ, ਅਤੇ ਮੱਦਦ ਲਈ ਉਨ੍ਹਾਂ ਕੋਲ ਜਾ ਸਕਦੇ ਹਨ। ਬੱਚਿਆਂ ਨੂੰ ਮਿਲਣ ਅਤੇ ਇਕੱਠੇ ਸਮਾਂ ਬਤੀਤ ਕਰਨ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ ਅਤੇ ਤੁਹਾਡੀ ਸੰਸਥਾ ਨੂੰ ਉਹਨਾਂ ਦੇ ਸਮਾਜਿਕ ਸੰਬੰਧਾਂ ਅਤੇ ਦੋਸਤੀਆਂ ਦਾ ਸਮਰਥਨ ਕਰਨਾ ਚਾਹੀਦਾ ਹੈ, ਅਤੇ ਧੱਕੇਸ਼ਾਹੀ ਜਾਂ ਅਲੱਗ ਕਰਨ ਦੇ ਵਿਵਹਾਰ ਨੂੰ ਚੁਣੌਤੀ ਦੇਣਾ ਚਾਹੀਦਾ ਹੈ।
- ਜਿਨਸੀ ਸ਼ੋਸ਼ਣ ਰੋਕਥਾਮ ਪ੍ਰੋਗਰਾਮ ਬੱਚਿਆਂ ਨੂੰ ਦਿੱਤੇ ਜਾਣ ਉਮਰ-ਮੁਤਾਬਕ ਢੁੱਕਵੇਂ ਪ੍ਰੋਗਰਾਮ ਅਤੇ ਸਿੱਖਿਆ ਹੈ। ਇਹ ਪ੍ਰੋਗਰਾਮ ਬਾਲਗਾਂ ਜਾਂ ਹੋਰ ਬੱਚਿਆਂ ਦੁਆਰਾ ਕੀਤੇ ਜਾਂਦੇ ਅਣਉਚਿਤ ਵਿਵਹਾਰ ਨੂੰ ਸਮਝਣ ਲਈ, ਆਪਣੇ-ਆਪ ਨੂੰ ਸੰਭਾਵੀ ਤੌਰ 'ਤੇ ਸ਼ੋਸ਼ਣ ਕਰਨ ਵਾਲੀਆਂ ਸਥਿਤੀਆਂ ਤੋਂ ਬਚਾਉਣ ਵਿੱਚ ਮੱਦਦ ਕਰਨ, ਅਤੇ ਸ਼ੋਸ਼ਣ ਹੋਣ ਜਾਂ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕੀਤੇ ਜਾਣ ਦੀ ਸਥਿਤੀ ਵਿੱਚ ਮੱਦਦ ਲੈਣ ਦੇ ਤਰੀਕੇ ਨੂੰ ਜਾਣਦੇ ਹਨ। ਤੁਹਾਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਤੁਹਾਡੀ ਸੰਸਥਾ ਲਈ ਇਹ ਪ੍ਰੋਗਰਾਮ ਜਾਂ ਹੋਰ ਜਾਣਕਾਰੀ ਪ੍ਰਦਾਨ ਕਰਨੇ ਉਚਿਤ ਹਨ ਜਾਂ ਨਹੀਂ ਜੋ ਬੱਚਿਆਂ ਦੀ ਇਹ ਸਮਝਣ ਵਿੱਚ ਮੱਦਦ ਕਰਦੀ ਹੈ ਕਿ ਜਿਨਸੀ ਸ਼ੋਸ਼ਣ ਕੀ ਹੈ ਅਤੇ ਮੱਦਦ ਕਿਵੇਂ ਪ੍ਰਾਪਤ ਕਰਨੀ ਹੈ।
- ਤੁਹਾਡੀ ਸੰਸਥਾ ਦੇ ਹਰ ਪੱਧਰ 'ਤੇ ਮੌਜੂਦ ਲੋਕਾਂ ਦੀ ਬਾਲ ਸੁਰੱਖਿਆ, ਸ਼ਕਤੀਕਰਨ ਅਤੇ ਬੱਚਿਆਂ ਦੇ ਅਧਿਕਾਰਾਂ ਦਾ ਸਨਮਾਨ ਕਰਨ ਲਈ ਨਿਭਾਉਣ ਲਈ ਭੂਮਿਕਾ ਹੈ। ਸਟਾਫ਼ ਅਤੇ ਵਲੰਟੀਅਰਾਂ ਨੂੰ ਬੱਚਿਆਂ ਨਾਲ ਸ਼ੋਸ਼ਣ ਅਤੇ ਨੁਕਸਾਨ ਦੇ ਸੰਕੇਤਾਂ ਪ੍ਰਤੀ ਪ੍ਰਤੀਕਿਰਿਆ ਕਰਨ ਅਤੇ ਬੱਚਿਆਂ ਦੀ ਭਾਗੀਦਾਰੀ ਨੂੰ ਕਿਵੇਂ ਸਮਰੱਥ ਬਣਾਉਣਾ ਅਤੇ ਉਤਸ਼ਾਹਿਤ ਕਰਨਾ ਹੈ, ਇਸ ਬਾਰੇ ਜਾਣੂ ਹੋਣ ਅਤੇ ਜਾਣਨ ਦੀ ਲੋੜ ਹੈ। ਸਟਾਫ਼ ਅਤੇ ਵਾਲੰਟੀਅਰਾਂ ਨੂੰ ਅਜਿਹਾ ਕਰਨ ਲਈ ਸਹਾਇਤਾ ਜਾਂ ਸਿਖਲਾਈ ਦੀ ਲੋੜ ਹੋ ਸਕਦੀ ਹੈ।
- ਬੱਚੇ ਹਮੇਸ਼ਾ ਉਨ੍ਹਾਂ ਦੇ ਅਨੁਭਵਾਂ ਜਾਂ ਉਹ ਕੀ ਚਾਹੁੰਦੇ ਹਨ ਇਸ ਬਾਰੇ ਪੁੱਛੇ ਜਾਣ ਦੇ ਆਦੀ ਨਹੀਂ ਹੁੰਦੇ ਹਨ। ਤੁਹਾਡੀ ਸੰਸਥਾ ਨੂੰ ਉਹਨਾਂ ਨੂੰ ਆਪਣੀ ਗੱਲ ਰੱਖਣ ਵਿੱਚ ਸਹਿਜ ਮਹਿਸੂਸ ਕਰਵਾਉਣ ਅਤੇ ਅਜਿਹਾ ਕਰਨ ਦੇ ਮੌਕੇ ਪ੍ਰਦਾਨ ਕਰਨ ਲਈ ਉਹਨਾਂ ਦਾ ਸਮਰਥਨ ਕਰਨ ਦੀ ਲੋੜ ਹੈ। ਭਾਗੀਦਾਰੀ ਦੀਆਂ ਗਤੀਵਿਧੀਆਂ ਉਮਰ-ਮੁਤਾਬਕ ਢੁੱਕਵੀਆਂ, ਸ਼ਮੂਲੀਅਤ ਭਰੀਆਂ ਅਤੇ ਪਹੁੰਚਯੋਗ ਹੋਣੀਆਂ ਚਾਹੀਦੀਆਂ ਹਨ, ਵਿਅਕਤੀਗਤ ਲੋੜਾਂ ਅਤੇ ਯੋਗਤਾਵਾਂ ਦੇ ਅਨੁਸਾਰ ਢਾਲੀਆਂ ਗਈਆਂ ਹੋਣੀਆਂ ਚਾਹੀਦੀਆਂ ਹਨ। ਇਹ ਕਿਵੇਂ ਕਰਨਾ ਹੈ ਇਸ ਬਾਰੇ ਵਧੇਰੇ ਜਾਣਕਾਰੀ ਸ਼ਕਤੀਕਰਨ ਅਤੇ ਭਾਗੀਦਾਰੀ: ਬੱਚਿਆਂ ਅਤੇ ਯੁਵਾਵਾਂ ਨਾਲ ਕੰਮ ਕਰਨ ਵਾਲੀਆਂ ਸੰਸਥਾਵਾਂ ਲਈ ਇੱਕ ਗਾਈਡ ਵਿੱਚ ਉਪਲਬਧ ਹੈ।

## ਨਿਯਮ-ਕਾਨੂੰਨ ਪਾਲਣਾ ਸੂਚਕ

### ਇਸ ਮਿਆਰ ਦਾ ਮੁਲਾਂਕਣ ਕਰਨ ਵੇਲੇ ਕਮਿਸ਼ਨ ਕੀ ਦੇਖੇਗਾ?

ਸੰਸਥਾਵਾਂ ਸੁਭਾਵਿਕ ਤੌਰ 'ਤੇ ਕਾਨੂੰਨ ਪਾਲਣਾ ਕਰ ਰਹੀਆ ਹੋਣਗੀਆਂ ਜੇਕਰ ਉਹ ਇਸ ਤਰੀਕੇ ਨਾਲ ਇਹ ਦਸਤਾਵੇਜ਼ ਤਿਆਰ ਕਰਦੇ ਹਨ ਅਤੇ ਇਨ੍ਹਾਂ ਕਾਰਵਾਈਆਂ ਨੂੰ ਕਰਦੇ ਹਨ ਜੋ ਉਸ ਸੰਸਥਾ ਨੂੰ ਇਸ ਮਿਆਰ ਨੂੰ ਹਾਸਿਲ ਕਰਨ ਵਿੱਚ ਮੱਦਦ ਕਰਦਾ ਹੈ।[16]

### ਦਸਤਾਵੇਜ਼

- ਛਾਪੇ ਹੋਏ ਜਾਂ ਔਨਲਾਈਨ, ਉਮਰ-ਮੁਤਾਬਕ ਢੁੱਕਵੇਂ ਅਤੇ ਸਮਝਣ ਵਿੱਚ ਸਰਲ ਦਸਤਾਵੇਜ਼ ਆਸਾਨੀ ਨਾਲ ਪਹੁੰਚਯੋਗ ਹਨ ਅਤੇ ਬੱਚਿਆਂ ਦੀ ਇਨ੍ਹਾਂ ਗੱਲਾਂ ਵਿੱਚ ਮੱਦਦ ਕਰਦੇ ਹਨ:
  - ਸੁਰੱਖਿਆ, ਜਾਣਕਾਰੀ ਅਤੇ ਭਾਗੀਦਾਰੀ ਸਮੇਤ ਉਹਨਾਂ ਦੇ ਅਧਿਕਾਰਾਂ ਨੂੰ ਸਮਝਣ ਲਈ
  - ਇਹ ਜਾਣਨ ਲਈ ਕਿ ਸੰਸਥਾ ਵਿੱਚ ਬਾਲਗਾਂ ਨੂੰ ਕਿਵੇਂ ਵਿਵਹਾਰ ਕਰਨਾ ਚਾਹੀਦਾ ਹੈ
  - ਸੰਸਥਾ ਦੀ ਸ਼ਿਕਾਇਤ ਪ੍ਰਕਿਰਿਆ ਅਤੇ ਆਪਣੇ ਲਈ, ਆਪਣੇ ਦੋਸਤਾਂ ਜਾਂ ਸਾਥੀਆਂ ਲਈ ਸੁਰੱਖਿਆ ਚਿੰਤਾਵਾਂ ਨੂੰ ਕਿਵੇਂ ਉਠਾਉਣਾ ਹੈ, ਨੂੰ ਸਮਝਣ ਲਈ
  - ਬੱਚਿਆਂ ਲਈ ਸਹਾਇਤਾ ਸੇਵਾਵਾਂ ਬਾਰੇ ਜਾਣਨ ਲਈ। (3.1)
- ਸੰਸਥਾ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ:
  - ਬੱਚਿਆਂ ਦੇ ਸ਼ਕਤੀਕਰਨ ਅਤੇ ਭਾਗੀਦਾਰੀ ਨੂੰ ਉਤਸ਼ਾਹਿਤ ਕਰਦੀਆਂ ਹਨ
  - ਬੱਚਿਆਂ ਦੇ ਅਧਿਕਾਰਾਂ ਲਈ ਸਮਰਥਨ ਨੂੰ ਸ਼ਾਮਲ ਕਰਦੀਆਂ ਹਨ। (3.1, 3.4, 3.5, 3.6)

### ਕਾਰਵਾਈਆਂ

- ਸੰਸਥਾ ਵਿੱਚ ਸਟਾਫ਼ ਅਤੇ ਵਾਲੰਟੀਅਰ ਇਨ੍ਹਾਂ ਗੱਲਾਂ ਵਿੱਚ ਬੱਚਿਆਂ ਦੀ ਮੱਦਦ ਕਰਨ ਲਈ ਉਹਨਾਂ ਨਾਲ ਜੁੜਦੇ ਹਨ:
  - ਸੁਰੱਖਿਆ, ਜਾਣਕਾਰੀ ਅਤੇ ਭਾਗੀਦਾਰੀ ਸਮੇਤ ਉਹਨਾਂ ਦੇ ਅਧਿਕਾਰਾਂ ਨੂੰ ਸਮਝਣ ਲਈ
  - ਇਹ ਜਾਣਨ ਲਈ ਕਿ ਸੰਸਥਾ ਵਿੱਚ ਬਾਲਗਾਂ ਨੂੰ ਕਿਵੇਂ ਵਿਵਹਾਰ ਕਰਨਾ ਚਾਹੀਦਾ ਹੈ
  - ਸੰਸਥਾ ਦੀ ਸ਼ਿਕਾਇਤ ਪ੍ਰਕਿਰਿਆ ਅਤੇ ਆਪਣੇ ਲਈ, ਆਪਣੇ ਦੋਸਤਾਂ ਜਾਂ ਸਾਥੀਆਂ ਲਈ ਸੁਰੱਖਿਆ ਚਿੰਤਾਵਾਂ ਨੂੰ ਕਿਵੇਂ ਉਠਾਉਣਾ ਹੈ, ਨੂੰ ਸਮਝਣ ਲਈ
  - ਬੱਚਿਆਂ ਲਈ ਸਹਾਇਤਾ ਸੇਵਾਵਾਂ ਬਾਰੇ ਜਾਣਨ ਲਈ। (3.1, 3.4)
- ਸੰਸਥਾ ਵਿੱਚ ਅਜਿਹੇ ਕੰਮ ਕਰਨ ਦੇ ਤਰੀਕਿਆਂ ਦੀ ਪਛਾਣ ਕੀਤੀ ਜਾਂਦੀ ਹੈ ਜੋ ਬੱਚਿਆਂ ਨੂੰ ਸ਼ਕਤੀਹੀਣ ਕਰਦੇ ਹਨ ਅਤੇ ਉਨ੍ਹਾਂ ਨੂੰ ਬਦਲਣ ਲਈ ਕਾਰਵਾਈ ਕੀਤੀ ਜਾਂਦੀ ਹੈ। (3.5, 3.6)
- ਸਟਾਫ਼ ਅਤੇ ਵਾਲੰਟੀਅਰਾਂ ਨੂੰ ਬੱਚਿਆਂ ਨਾਲ ਸ਼ੋਸ਼ਣ ਜਾਂ ਨੁਕਸਾਨ ਦੇ ਸੰਕੇਤਾਂ ਨੂੰ ਸਮਝਣ, ਪਛਾਣਨ ਅਤੇ ਉਨ੍ਹਾਂ 'ਤੇ ਕਾਰਵਾਈ ਕਰਨ ਵਿੱਚ ਮੱਦਦ ਕਰਨ ਸੰਬੰਧੀ ਜਾਣਕਾਰੀ ਪ੍ਰਦਾਨ ਕੀਤੀ ਜਾਂਦੀ ਹੈ। (3.4)

---

[16] ਤੁਹਾਡੀ ਸੰਸਥਾ ਦੇ ਸੁਭਾਅ ਜਾਂ ਵਿਸ਼ੇਸ਼ਤਾਵਾਂ ਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਨੂੰ ਇਸ ਗਾਈਡ ਵਿੱਚ ਪ੍ਰਸਤਾਵਿਤ ਚੀਜ਼ਾਂ ਤੋਂ ਕੁੱਝ ਵੱਖਰਾ ਕਰਨ ਦੀ ਲੋੜ ਹੈ। ਜੇਕਰ ਅਜਿਹਾ ਹੈ, ਤਾਂ ਤੁਹਾਨੂੰ ਇਹ ਦੱਸਣਾ ਪੈ ਸਕਦਾ ਹੈ ਕਿ ਤੁਹਾਡੀ ਪਹੁੰਚ ਨਤੀਜਿਆਂ ਅਤੇ ਮਿਆਰਾਂ ਦੀਆਂ ਘੱਟੋ-ਘੱਟ ਲੋੜਾਂ ਦੀ ਕਿਵੇਂ ਪਾਲਣਾ ਕਰਦੀ ਹੈ। ਕੁੱਝ ਸੈਕਟਰਾਂ ਅਤੇ ਸੰਸਥਾਵਾਂ ਕੋਲ ਸਹਿ-ਰੈਗੂਲੇਟਰ ਹਨ ਜਿਨ੍ਹਾਂ ਨੇ ਵਿਸ਼ੇਸ਼ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹੋਏ ਹਨ। ਜਿੱਥੇ ਇਨ੍ਹਾਂ ਮਿਆਰਾਂ 'ਤੇ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ ਤੁਹਾਡੀ ਸੰਸਥਾ 'ਤੇ ਲਾਗੂ ਹੁੰਦੇ ਹਨ, ਅਤੇ ਇਸ ਗਾਈਡ ਤੋਂ ਵੱਖਰੀ ਹੈ, ਤੁਹਾਡੀ ਸੰਸਥਾ ਨੂੰ ਉਸ ਸੈਕਟਰ ਵਿੱਚ ਆਪਣੇ ਕੰਮਕਾਜ ਲਈ ਉਸ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

- ਜਿੱਥੇ ਢੁੱਕਵਾਂ ਹੋਵੇ, ਉੱਥੇ ਸੰਸਥਾ ਬੱਚਿਆਂ ਨੂੰ ਉਮਰ ਮੁਤਾਬਕ ਢੁੱਕਵੇਂ ਅਤੇ ਪਹੁੰਚਯੋਗ ਤਰੀਕੇ ਨਾਲ ਜਿਨਸੀ ਸ਼ੋਸ਼ਣ ਰੋਕਥਾਮ ਪ੍ਰੋਗਰਾਮਾਂ ਅਤੇ ਹੋਰ ਸੰਬੰਧਿਤ ਜਾਣਕਾਰੀ ਤੱਕ ਪਹੁੰਚ ਪ੍ਰਦਾਨ ਕਰਦੀ ਹੈ। (3.3)
- ਸੰਸਥਾ ਬੱਚਿਆਂ ਲਈ ਆਪਣੇ ਵਿਚਾਰ ਪ੍ਰਗਟ ਕਰਨ ਅਤੇ ਉਹਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲਿਆਂ ਵਿੱਚ ਹਿੱਸਾ ਲੈਣ ਦੇ ਮੌਕੇ ਪੈਦਾ ਕਰਦੀ ਹੈ। ਬੱਚਿਆਂ ਤੋਂ ਜੋ ਸੁਣਿਆ ਅਤੇ ਸਿੱਖਿਆ ਜਾਂਦਾ ਹੈ, ਉਹ ਸੰਸਥਾ ਦੇ ਕੰਮ ਕਰਨ ਦੇ ਤਰੀਕੇ ਨੂੰ ਪ੍ਰਭਾਵਿਤ ਕਰਦਾ ਹੈ। (3.5, 3.6)
- ਸਟਾਫ਼ ਅਤੇ ਵਾਲੰਟੀਅਰਾਂ ਨੂੰ ਬੱਚਿਆਂ ਨੂੰ ਭਾਗ ਲੈਣ, ਆਪਣੇ ਵਿਚਾਰ ਪ੍ਰਗਟ ਕਰਨ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਉਠਾਉਣ ਵਿੱਚ ਮੱਦਦ ਕਰਨ ਲਈ ਗਿਆਨ ਅਤੇ ਹੁਨਰ ਵਿਕਸਿਤ ਕਰਨ ਲਈ ਸਹਾਇਤਾ ਦਿੱਤੀ ਜਾਂਦੀ ਹੈ। (3.4)
- ਸੰਸਥਾ ਬੱਚਿਆਂ ਨੂੰ ਉਹਨਾਂ ਦੇ ਹਾਣੀਆਂ ਨਾਲ ਸਮਾਜਿਕ ਸੰਪਰਕ ਅਤੇ ਦੋਸਤੀ ਵਿਕਸਿਤ ਕਰਨ, ਬੱਚਿਆਂ ਵਿੱਚ ਆਪਣੇ ਹਾਣੀਆਂ ਦਾ ਸਮਰਥਨ ਕਰਨ ਅਤੇ ਬੱਚਿਆਂ ਵਿਚਕਾਰ ਆਪਸ ਵਿੱਚ ਹੁੰਦੀ ਧੱਕੇਸ਼ਾਹੀ ਜਾਂ ਅਲੱਗ ਕੀਤੇ ਜਾਣ ਦੇ ਵਿਵਹਾਰ ਨੂੰ ਚੁਣੌਤੀ ਦੇਣ ਲਈ ਹੁਨਰ ਪੈਦਾ ਕਰਨ ਵਿੱਚ ਸਹਾਇਤਾ ਕਰਦੀ ਹੈ। (3.2)

# ਮਿਆਰ 4: ਬਾਲ ਸੁਰੱਖਿਆ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਲਈ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸੂਚਿਤ ਅਤੇ ਸ਼ਾਮਲ ਕੀਤਾ ਜਾਂਦਾ ਹੈ

**ਬਾਲ ਸੁਰੱਖਿਆ ਮਿਆਰ 4 ਦੀ ਪਾਲਣਾ ਕਰਦੇ ਹੋਏ, ਇੱਕ ਸੰਸਥਾ ਦਾ, ਘੱਟੋ-ਘੱਟ, ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ:**

4.1 ਪਰਿਵਾਰ ਉਹਨਾਂ ਦੇ ਬੱਚੇ ਨੂੰ ਪ੍ਰਭਾਵਿਤ ਕਰਨ ਵਾਲੇ ਫ਼ੈਸਲਿਆਂ ਵਿੱਚ ਹਿੱਸਾ ਲੈਂਦੇ ਹਨ।

4.2 ਸੰਸਥਾ ਆਪਣੀ ਬਾਲ ਸੁਰੱਖਿਆ ਪਹੁੰਚ ਬਾਰੇ ਪਰਿਵਾਰਾਂ ਅਤੇ ਭਾਈਚਾਰੇ ਨਾਲ ਜੁੜਦੀ ਹੈ ਅਤੇ ਖੁੱਲ੍ਹ ਕੇ ਗੱਲਬਾਤ ਸੰਚਾਰ ਕਰਦੀ ਹੈ ਅਤੇ ਇਸ ਬਾਰੇ ਸੰਬੰਧਿਤ ਜਾਣਕਾਰੀ ਪਹੁੰਚਯੋਗ ਹੁੰਦੀ ਹੈ।

4.3 ਸੰਸਥਾ ਦੀਆਂ ਨੀਤੀਆਂ ਅਤੇ ਕੰਮ ਕਰਨ ਦੇ ਤਰੀਕਿਆਂ ਦੇ ਵਿਕਾਸ ਅਤੇ ਸਮੀਖਿਆ ਵਿੱਚ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਆਪਣੀ ਗੱਲ ਰੱਖਣ ਦਾ ਮੌਕਾ ਦਿੱਤਾ ਜਾਂਦਾ ਹੈ।

4.4 ਪਰਿਵਾਰਾਂ, ਦੇਖਭਾਲ ਕਰਨ ਵਾਲਿਆਂ ਅਤੇ ਭਾਈਚਾਰੇ ਨੂੰ ਸੰਸਥਾ ਦੇ ਕਾਰਜਾਂ ਅਤੇ ਪ੍ਰਸ਼ਾਸਨ ਬਾਰੇ ਸੂਚਿਤ ਕੀਤਾ ਜਾਂਦਾ ਹੈ।

## ਮੁੱਖ ਨੁਕਤੇ

- ਪਰਿਵਾਰ ਕਈ ਕਿਸਮ ਦੇ ਵੱਖ-ਵੱਖ ਤਰ੍ਹਾਂ ਦੇ ਸੰਬੰਧਾਂ ਤੋਂ ਬਣੇ ਹੋ ਸਕਦੇ ਹਨ, ਜਿਨ੍ਹਾਂ ਵਿੱਚ ਖ਼ੂਨ, ਵਿਆਹ, ਗੋਦ ਲੈਣ, ਰਿਸ਼ਤੇਦਾਰੀ ਤੋਂ ਬਣੇ ਢਾਂਚੇ ਜਾਂ ਹੋਰ ਦੂਰ ਦੇ ਰਿਸ਼ਤੇ ਵਾਲੇ ਪਰਿਵਾਰਕ ਢਾਂਚੇ ਸ਼ਾਮਲ ਹੁੰਦੇ ਹਨ। ਪਰਿਵਾਰਾਂ ਵਿੱਚ ਉਹ ਲੋਕ ਵੀ ਸ਼ਾਮਲ ਹੋ ਸਕਦੇ ਹਨ ਜੋ ਜੀਵਨ ਦੇ ਰੋਜ਼ਮਰਾ ਦੇ ਕੰਮਾਂ ਵਿੱਚ ਸਾਂਝ ਪਾਉਂਦੇ ਹਨ ਜਾਂ ਇੱਕ ਬਹੁਤ ਨਜ਼ਦੀਕੀ, ਨਿੱਜੀ ਰਿਸ਼ਤੇ ਨੂੰ ਸਾਂਝਾ ਕਰਦੇ ਹਨ।
- ਭਾਈਚਾਰੇ ਉਹਨਾਂ ਲੋਕਾਂ ਦਾ ਇੱਕ ਸਮੂਹ ਹੁੰਦੇ ਹਨ ਜੋ ਇੱਕੋ-ਜਿਹੀਆਂ ਰੁਚੀਆਂ, ਅਨੁਭਵ, ਸਮਾਜਿਕ ਪਿਛੋਕੜ, ਕੌਮੀਅਤ, ਸੱਭਿਆਚਾਰ, ਵਿਸ਼ਵਾਸ ਜਾਂ ਪਛਾਣ ਨੂੰ ਸਾਂਝਾ ਕਰਦੇ ਹਨ।[17] ਸੰਸਥਾਵਾਂ, ਪਰਿਵਾਰਾਂ ਅਤੇ ਬੱਚਿਆਂ ਦੇ ਵੀ ਅਜਿਹੇ ਭਾਈਚਾਰੇ ਹੋ ਸਕਦੇ ਹਨ ਜਿਨ੍ਹਾਂ ਨਾਲ ਉਹ ਨਜ਼ਦੀਕੀ ਤੌਰ 'ਤੇ ਜੁੜੇ ਹੋਏ ਹੁੰਦੇ ਹਨ ਜਾਂ ਅਕਸਰ ਉਨ੍ਹਾਂ ਵਿੱਚ ਸ਼ਮੂਲੀਅਤ ਕਰਦੇ ਹਨ। ਪਰਿਵਾਰਾਂ ਵਾਂਗ ਹੀ, ਭਾਈਚਾਰੇ ਵੀ ਵਿਭਿੰਨ ਹੁੰਦੇ ਹਨ।
- ਮਾਤਾ-ਪਿਤਾ, ਦੇਖਭਾਲ ਕਰਨ ਵਾਲਿਆਂ ਅਤੇ ਪਰਿਵਾਰਾਂ ਨੂੰ ਤੁਹਾਡੀ ਸੰਸਥਾ ਵਿੱਚ ਸੁਆਗਤ ਕੀਤਾ ਜਾਂਦਾ ਮਹਿਸੂਸ ਹੋਣਾ ਚਾਹੀਦਾ ਹੈ।[18] ਇੱਕ ਸ਼ਮੂਲੀਅਤ ਭਰੇ ਸੱਭਿਆਚਾਰ ਦਾ ਨਿਰਮਾਣ ਕਰਨਾ ਅਤੇ ਸਾਂਭ-ਸੰਭਾਲ ਕਰਨਾ, ਜੋ ਕਿ ਵੱਖ-ਵੱਖ ਕਿਸਮਾਂ ਦੇ ਪਰਿਵਾਰਾਂ ਦਾ ਸਤਿਕਾਰ ਕਰਦਾ ਹੈ, ਬੱਚਿਆਂ ਨੂੰ ਸੁਰੱਖਿਅਤ ਮਹਿਸੂਸ ਕਰਨ ਅਤੇ ਸੁਰੱਖਿਅਤ ਰਹਿਣ ਵਿੱਚ ਸਹਾਇਤਾ ਕਰਦਾ ਹੈ।
- ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਤੁਹਾਡੀ ਸੰਸਥਾ ਦੀ ਬਾਲ ਸੁਰੱਖਿਆ ਅਤੇ ਤੰਦਰੁਸਤੀ ਯਾਤਰਾ ਵਿੱਚ ਹਿੱਸਾ ਲੈਣ ਲਈ ਅਧਿਕਾਰ ਪ੍ਰਦਾਨ ਕਰਨਾ ਬੱਚਿਆਂ ਲਈ ਲਾਭਦਾਇਕ ਹੈ। ਇਸਦਾ ਮਤਲਬ ਹੈ ਕਿ:

---

[17] ਕੈਮਬ੍ਰਿਜ ਡਿਕਸ਼ਨਰੀ ਵਿੱਚ ਦਿੱਤੀ ਪਰਿਭਾਸ਼ਾ ਤੋਂ ਲੈ ਕੇ ਬਣਾਇਆ ਗਿਆ ਹੈ।

[18] ਕਈ ਵਾਰ ਅਜਿਹਾ ਹੋ ਸਕਦਾ ਹੈ ਜਦੋਂ ਪਰਿਵਾਰ ਦੇ ਕੁੱਝ ਮੈਂਬਰਾਂ ਨਾਲ ਸੰਪਰਕ ਕਰਨਾ ਉਚਿਤ ਨਾ ਹੋਵੇ, ਉਦਾਹਰਨ ਲਈ, ਜੇਕਰ ਉਹਨਾਂ 'ਤੇ ਬੱਚੇ ਦੇ ਨਾਲ ਸੰਪਰਕ ਕਰਨ 'ਤੇ ਪਾਬੰਦੀਆਂ ਲੱਗੀਆਂ ਹੋਈਆਂ ਹਨ ਜਾਂ, ਕੁੱਝ ਸਥਿਤੀਆਂ ਵਿੱਚ, ਜੇ ਬੱਚਾ ਬਾਲ ਸੁਰੱਖਿਆ ਵਿਭਾਗ ਨਾਲ ਰਾਬਤੇ ਵਿੱਚ ਹੈ। ਇਨ੍ਹਾਂ ਸਥਿਤੀਆਂ ਵਿੱਚ, ਧਿਆਨ ਵਿਆਪਕ ਪਰਿਵਾਰ ਅਤੇ ਭਾਈਚਾਰੇ ਨੂੰ ਸ਼ਾਮਲ ਕਰਨ 'ਤੇ ਕੇਂਦਰਿਤ ਹੋਣਾ ਚਾਹੀਦਾ ਹੈ ਜਾਂ, ਜੇ ਉਚਿਤ ਹੋਵੇ ਤਾਂ, ਬੱਚੇ ਨੂੰ ਪੁੱਛਣਾ ਚਾਹੀਦਾ ਹੈ ਕਿ ਉਹ ਕਿਸ ਨੂੰ ਸ਼ਾਮਲ ਕਰਨਾ ਚਾਹੁੰਦੇ ਹਨ।

- – ਮਾਪੇ, ਦੇਖਭਾਲ ਕਰਨ ਵਾਲੇ ਅਤੇ ਭਾਈਚਾਰਾ ਸਿੱਖਣਗੇ ਕਿ ਕਿਹੜੀਆਂ ਚੀਜ਼ਾਂ ਸੰਸਥਾਵਾਂ ਨੂੰ ਬਾਲ ਸੁਰੱਖਿਅਤ ਬਣਾਉਣ ਵਿੱਚ ਮੱਦਦ ਕਰਦੀਆਂ ਹਨ ਅਤੇ ਉਹ ਬੱਚਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਕਿਵੇਂ ਮੱਦਦ ਕਰ ਸਕਦੇ ਹਨ
- – ਸੰਸਥਾਵਾਂ ਪਰਿਵਾਰਾਂ ਤੋਂ ਮਿਲੀ ਜਾਣਕਾਰੀ ਤੋਂ ਲਾਭ ਲੈ ਕੇ ਹਰੇਕ ਬੱਚੇ ਦੀ ਬਿਹਤਰ ਸਹਾਇਤਾ ਕਰ ਸਕਦੀਆਂ ਹਨ, ਜੋ ਆਪਣੇ ਬੱਚਿਆਂ ਨੂੰ ਸਭ ਤੋਂ ਚੰਗੀ ਤਰ੍ਹਾਂ ਜਾਣਦੇ ਹਨ
- – ਮਾਪੇ, ਦੇਖਭਾਲ ਕਰਨ ਵਾਲੇ ਅਤੇ ਭਾਈਚਾਰੇ ਤਾਕਤਵਰ ਮਹਿਸੂਸ ਕਰਨਗੇ ਅਤੇ ਜਾਣਦੇ ਹੋਣਗੇ ਕਿ ਜੇਕਰ ਉਹ ਕਿਸੇ ਬੱਚੇ ਦੀ ਸੁਰੱਖਿਆ ਜਾਂ ਤੰਦਰੁਸਤੀ ਬਾਰੇ ਚਿੰਤਤ ਹਨ ਤਾਂ ਕੀ ਕਰਨਾ ਹੈ
- – ਤੁਹਾਡੀ ਸੰਸਥਾ ਦੀ ਬਾਲ ਸੁਰੱਖਿਅਤ ਪਹੁੰਚ ਵਿੱਚ ਲਗਾਤਾਰ ਸੁਧਾਰ ਹੁੰਦਾ ਰਹੇਗਾ।

- ਪਰਿਵਾਰਾਂ ਦੇ ਫ਼ੈਸਲਿਆਂ ਵਿੱਚ ਭਾਗ ਲੈਣ ਦਾ ਮਤਲਬ ਹੈ ਕਿ ਕੋਈ ਫ਼ੈਸਲਾ ਲੈਣ ਤੋਂ ਪਹਿਲਾਂ ਉਹਨਾਂ ਤੋਂ ਉਹਨਾਂ ਦੀ ਰਾਏ ਲਈ ਜਾਂਦੀ ਹੈ, ਅਤੇ ਇਸ ਰਾਏ ਨੂੰ ਫ਼ੈਸਲਾ ਲੈਣ ਦੀ ਪ੍ਰਕਿਰਿਆ ਦਾ ਹਿੱਸਾ ਮੰਨਿਆ ਜਾਂਦਾ ਹੈ। ਤੁਹਾਡੀ ਸੰਸਥਾ ਨੂੰ ਪਰਿਵਾਰਾਂ ਨੂੰ ਉਨ੍ਹਾਂ ਫ਼ੈਸਲਿਆਂ ਬਾਰੇ ਆਪਣੀ ਰਾਏ ਦੇਣ ਦਾ ਮੌਕਾ ਦੇਣਾ ਚਾਹੀਦਾ ਹੈ ਜੋ ਉਹਨਾਂ ਦੇ ਬੱਚੇ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਪ੍ਰਭਾਵਿਤ ਕਰ ਸਕਦੇ ਹਨ।
- ਪਰਿਵਾਰਾਂ, ਦੇਖਭਾਲ ਕਰਨ ਵਾਲਿਆਂ ਅਤੇ ਭਾਈਚਾਰੇ ਨੂੰ ਤੁਹਾਡੀ ਸੰਸਥਾ ਦੇ ਸੰਚਾਲਨ ਅਤੇ ਪ੍ਰਸ਼ਾਸਨ ਬਾਰੇ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਉਹ ਇਸ ਵਿੱਚ ਅਰਥਪੂਰਨ ਤਰੀਕੇ ਨਾਲ ਹਿੱਸਾ ਲੈ ਸਕਣ। ਪਰਿਵਾਰਾਂ ਨੂੰ ਇਹ ਸਮਝਣ ਦੀ ਲੋੜ ਹੁੰਦੀ ਹੈ ਕਿ ਤੁਹਾਡੀ ਸੰਸਥਾ ਕੀ ਕਰਦੀ ਹੈ ਅਤੇ ਇਸਦੀ ਬਣਤਰ ਕਿਵੇਂ ਹੈ। ਉਹਨਾਂ ਨੂੰ ਇਹ ਜਾਣਨ ਦੀ ਲੋੜ ਹੁੰਦੀ ਹੈ ਕਿ ਜੇਕਰ ਉਹਨਾਂ ਨੂੰ ਬੱਚੇ ਦੀ ਸੁਰੱਖਿਆ ਜਾਂ ਤੰਦਰੁਸਤੀ ਬਾਰੇ ਕੋਈ ਚਿੰਤਾ ਹੈ ਤਾਂ ਸੰਸਥਾ ਵਿੱਚ ਸਹੀ ਲੋਕਾਂ ਨਾਲ ਸੰਪਰਕ ਕਿਵੇਂ ਕਰਨਾ ਹੈ।

## ਨਿਯਮ-ਕਾਨੂੰਨ ਪਾਲਣਾ ਸੂਚਕ

### ਇਸ ਮਿਆਰ ਦਾ ਮੁਲਾਂਕਣ ਕਰਨ ਵੇਲੇ ਕਮਿਸ਼ਨ ਕੀ ਦੇਖੇਗਾ?

ਸੰਸਥਾਵਾਂ ਸੁਭਾਵਿਕ ਤੌਰ 'ਤੇ ਕਾਨੂੰਨ ਪਾਲਣਾ ਕਰ ਰਹੀਆ ਹੋਣਗੀਆਂ ਜੇਕਰ ਉਹ ਇਸ ਤਰੀਕੇ ਨਾਲ ਇਹ ਦਸਤਾਵੇਜ਼ ਤਿਆਰ ਕਰਦੇ ਹਨ ਅਤੇ ਇਨ੍ਹਾਂ ਕਾਰਵਾਈਆਂ ਨੂੰ ਕਰਦੇ ਹਨ ਜੋ ਉਸ ਸੰਸਥਾ ਨੂੰ ਇਸ ਮਿਆਰ ਨੂੰ ਹਾਸਿਲ ਕਰਨ ਵਿੱਚ ਮੱਦਦ ਕਰਦਾ ਹੈ।[19]

### ਦਸਤਾਵੇਜ਼

- ਸੰਸਥਾ ਦੀਆਂ ਨੀਤੀਆਂ ਪਰਿਵਾਰ ਅਤੇ ਭਾਈਚਾਰਕ ਸ਼ਮੂਲੀਅਤ ਦੇ ਮਹੱਤਵ ਨੂੰ ਦਰਸਾਉਂਦੀਆਂ ਹਨ ਅਤੇ ਇਹ ਦੱਸਦੀਆਂ ਹਨ ਕਿ ਇਹ ਸ਼ਮੂਲੀਅਤ ਕਿਵੇਂ ਹੋ ਸਕਦੀ ਹੈ। (4.3)
- ਸ਼ਿਕਾਇਤ ਨਿਪਟਾਰਾ ਨੀਤੀਆਂ ਵਿੱਚ ਪਰਿਵਾਰਾਂ ਨੂੰ ਸੂਚਿਤ ਰੱਖਣ ਲਈ ਪ੍ਰਕਿਰਿਆਵਾਂ ਸ਼ਾਮਲ ਹੁੰਦੀਆਂ ਹਨ ਅਤੇ ਉਹ ਗੁਪਤਤਾ ਅਤੇ ਨਿੱਜਤਾ ਸੰਬੰਧੀ ਕਾਨੂੰਨੀ ਜ਼ਿੰਮੇਵਾਰੀਆਂ ਦੀ ਪਾਲਣਾ ਕਰਦੇ ਹੋਏ ਇਹ ਕਿਵੇਂ ਕਰਨਾ ਹੈ ਇਸ ਬਾਰੇ ਮਾਰਗਦਰਸ਼ਨ ਪ੍ਰਦਾਨ ਕਰਦੀਆਂ ਹਨ। (4.2 ਅਤੇ 7.2 ਦੇ ਲਿੰਕ)

---

[19] ਤੁਹਾਡੀ ਸੰਸਥਾ ਦੇ ਸੁਭਾਅ ਜਾਂ ਵਿਸ਼ੇਸ਼ਤਾਵਾਂ ਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਨੂੰ ਇਸ ਗਾਈਡ ਵਿੱਚ ਪ੍ਰਸਤਾਵਿਤ ਚੀਜ਼ਾਂ ਤੋਂ ਕੁੱਝ ਵੱਖਰਾ ਕਰਨ ਦੀ ਲੋੜ ਹੈ। ਜੇਕਰ ਅਜਿਹਾ ਹੈ, ਤਾਂ ਤੁਹਾਨੂੰ ਇਹ ਦੱਸਣਾ ਪੈ ਸਕਦਾ ਹੈ ਕਿ ਤੁਹਾਡੀ ਪਹੁੰਚ ਨਤੀਜਿਆਂ ਅਤੇ ਮਿਆਰਾਂ ਦੀਆਂ ਘੱਟੋ-ਘੱਟ ਲੋੜਾਂ ਦੀ ਕਿਵੇਂ ਪਾਲਣਾ ਕਰਦੀ ਹੈ। ਕੁੱਝ ਸੈਕਟਰਾਂ ਅਤੇ ਸੰਸਥਾਵਾਂ ਕੋਲ ਸਹਿ-ਰੈਗੂਲੇਟਰ ਹਨ ਜਿਨ੍ਹਾਂ ਨੇ ਵਿਸ਼ੇਸ਼ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹੋਏ ਹਨ। ਜਿੱਥੇ ਇਨ੍ਹਾਂ ਮਿਆਰਾਂ 'ਤੇ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ ਤੁਹਾਡੀ ਸੰਸਥਾ 'ਤੇ ਲਾਗੂ ਹੁੰਦੇ ਹਨ, ਅਤੇ ਇਸ ਗਾਈਡ ਤੋਂ ਵੱਖਰੀ ਹੈ, ਤੁਹਾਡੀ ਸੰਸਥਾ ਨੂੰ ਉਸ ਸੈਕਟਰ ਵਿੱਚ ਆਪਣੇ ਕੰਮਕਾਜ ਲਈ ਉਸ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

### ਕਾਰਵਾਈਆਂ

- ਸੰਸਥਾ ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਸੰਸਥਾ ਦੇ ਅੰਦਰ ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਵਿੱਚ ਉਨ੍ਹਾਂ ਦੀ ਭੂਮਿਕਾ ਬਾਰੇ ਗੱਲਬਾਤ ਕਰਕੇ ਬਾਲ ਸੁਰੱਖਿਆ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਅਤੇ ਬਰਕਰਾਰ ਰੱਖਣ ਵਿੱਚ ਇੱਕ ਸਰਗਰਮ ਭੂਮਿਕਾ ਨਿਭਾਉਣ ਲਈ ਸਹਾਇਤਾ ਕਰਦੀ ਹੈ। (4.4 ਅਤੇ ਸਮੁੱਚਾ ਨਤੀਜਾ)
- ਸੰਸਥਾ ਇਨ੍ਹਾਂ ਗੱਲਾਂ ਰਾਹੀਂ ਪਰਿਵਾਰਾਂ ਅਤੇ ਭਾਈਚਾਰਿਆਂ ਨਾਲ ਖੁੱਲ੍ਹੀ ਅਤੇ ਪਾਰਦਰਸ਼ੀ ਹੈ:
  - ਸੰਸਥਾ ਦੀਆਂ ਬਾਲ ਸੁਰੱਖਿਆ ਅਤੇ ਤੰਦਰੁਸਤੀ ਦੀਆਂ ਨੀਤੀਆਂ ਅਤੇ ਕੰਮ ਕਰਨ ਦੇ ਤਰੀਕਿਆਂ ਬਾਰੇ ਪਹੁੰਚਯੋਗ ਜਾਣਕਾਰੀ ਪ੍ਰਦਾਨ ਕਰਕੇ (4.2 ਅਤੇ 4.4)
  - ਸੰਸਥਾ ਦੇ ਪ੍ਰਸ਼ਾਸਨ ਅਤੇ ਕਾਰਜਾਂ ਬਾਰੇ ਜਾਣਕਾਰੀ ਪ੍ਰਦਾਨ ਕਰਕੇ, ਸ਼ਿਕਾਇਤਾਂ ਦਾ ਨਿਪਟਾਰਾ ਕਿਵੇਂ ਕੀਤਾ ਜਾਂਦਾ ਹੈ ਅਤੇ ਸੰਸਥਾ ਅਨੁਸ਼ਾਸਨੀ ਕਾਰਵਾਈਆਂ ਅਤੇ ਬੱਚਿਆਂ ਦੀ ਸੁਰੱਖਿਆ ਪ੍ਰਤੀ ਹੋਣ ਵਾਲੇ ਜ਼ੋਖਮਾਂ ਨਾਲ ਕਿਵੇਂ ਨਜਿੱਠਦੀ ਹੈ। (4.4)
- ਪਰਿਵਾਰਾਂ ਕੋਲ ਸੰਸਥਾ ਦੁਆਰਾ ਲਏ ਗਏ ਫ਼ੈਸਲਿਆਂ ਵਿੱਚ ਹਿੱਸਾ ਲੈਣ ਦਾ ਮੌਕਾ ਹੁੰਦਾ ਹੈ ਜੋ ਉਹਨਾਂ ਦੇ ਬੱਚੇ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਪ੍ਰਭਾਵਿਤ ਕਰਦੇ ਹਨ। ਪਰਿਵਾਰਾਂ ਨਾਲ ਗੱਲਬਾਤ ਭਾਗ ਲੈਣ ਲਈ ਪਰਿਵਾਰਾਂ ਦੀ ਪੂਰੀ ਵਿਭਿੰਨਤਾ ਦਾ ਸਮਰਥਨ ਕਰਦੀ ਹੈ। (4.1)
- ਬਾਲ ਸੁਰੱਖਿਆ ਅਤੇ ਤੰਦਰੁਸਤੀ ਪ੍ਰਤੀ ਸੰਸਥਾ ਦੀ ਪਹੁੰਚ ਸਮੇਤ ਸੰਸਥਾ ਦੀਆਂ ਨੀਤੀਆਂ, ਪ੍ਰਕਿਰਿਆਵਾਂ ਅਤੇ ਕੰਮ ਕਰਨ ਦੇ ਤਰੀਕਿਆਂ 'ਤੇ ਫੀਡਬੈਕ ਪ੍ਰਦਾਨ ਕਰਨ ਲਈ ਪਰਿਵਾਰਾਂ ਅਤੇ ਭਾਈਚਾਰੇ ਦੇ ਮੈਂਬਰਾਂ ਲਈ ਮੌਕੇ ਪੈਦਾ ਕੀਤੇ ਜਾਂਦੇ ਹਨ। (4.3)
- ਸੰਸਥਾ ਪਰਿਵਾਰਾਂ ਅਤੇ ਭਾਈਚਾਰਿਆਂ ਦੀ ਫੀਡਬੈਕ ਅਤੇ ਸ਼ਮੂਲੀਅਤ ਨੂੰ ਗੰਭੀਰਤਾ ਨਾਲ ਲੈਂਦੀ ਹੈ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਧਿਆਨ ਵਿੱਚ ਰੱਖਦੀ ਹੈ। (4.3 ਅਤੇ 7.3 ਦੇ ਲਿੰਕ)

# ਮਿਆਰ 5: ਇਕਸਮਾਨਤਾ ਨੂੰ ਬਰਕਰਾਰ ਰੱਖਿਆ ਜਾਂਦਾ ਹੈ ਅਤੇ ਨੀਤੀ ਅਤੇ ਕੰਮ ਕਰਨ ਦੇ ਤਰੀਕੇ ਵਿੱਚ ਵਿਭਿੰਨਤਾ ਦੀਆਂ ਲੋੜਾਂ ਦਾ ਸਨਮਾਨ ਕੀਤਾ ਜਾਂਦਾ ਹੈ

**ਬਾਲ ਸੁਰੱਖਿਆ ਮਿਆਰ 5 ਦੀ ਪਾਲਣਾ ਕਰਦੇ ਹੋਏ, ਇੱਕ ਸੰਸਥਾ ਦਾ, ਘੱਟੋ-ਘੱਟ, ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ:**

5.1 ਸੰਸਥਾ, ਸਟਾਫ਼ ਅਤੇ ਵਲੰਟੀਅਰਾਂ ਸਮੇਤ, ਬੱਚਿਆਂ ਅਤੇ ਯੁਵਾਵਾਂ ਦੇ ਵਿਭਿੰਨ ਹਾਲਾਤਾਂ ਨੂੰ ਸਮਝਦੀ ਹੈ, ਅਤੇ ਉਹਨਾਂ ਨੂੰ ਸਹਾਇਤਾ ਪ੍ਰਦਾਨ ਕਰਦੀ ਹੈ ਅਤੇ ਜੋ ਜ਼ੋਖਮ ਗ੍ਰਸਤ ਹਨ ਉਨ੍ਹਾਂ ਪ੍ਰਤੀ ਜਵਾਬੀ ਕਾਰਵਾਈ ਕਰਦੀ ਹੈ।

5.2 ਬੱਚਿਆਂ ਅਤੇ ਯੁਵਾਵਾਂ ਦੀ ਜਾਣਕਾਰੀ, ਸਹਾਇਤਾ ਅਤੇ ਸ਼ਿਕਾਇਤ ਪ੍ਰਕਿਰਿਆਵਾਂ ਤੱਕ ਉਨ੍ਹਾਂ ਤਰੀਕਿਆਂ ਨਾਲ ਪਹੁੰਚ ਹੁੰਦੀ ਹੈ ਜੋ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ, ਪਹੁੰਚਯੋਗ ਅਤੇ ਸਮਝਣ ਵਿੱਚ ਆਸਾਨ ਹਨ।

5.3 ਸੰਸਥਾ ਅਪੰਗਤਾ ਵਾਲੇ ਬੱਚਿਆਂ ਅਤੇ ਯੁਵਾਵਾਂ, ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ ਪਿਛੋਕੜ ਵਾਲੇ ਬੱਚਿਆਂ ਅਤੇ ਯੁਵਾਵਾਂ, ਜੋ ਘਰ ਵਿੱਚ ਰਹਿਣ ਤੋਂ ਅਸਮਰੱਥ ਹਨ, ਅਤੇ ਲੈਸਬੀਅਨ, ਗੇਅ, ਦੁਵਲਿੰਗੀ, ਟ੍ਰਾਂਸਜੈਂਡਰ ਅਤੇ ਅੰਤਰਲਿੰਗੀ ਬੱਚਿਆਂ ਅਤੇ ਯੁਵਾਵਾਂ ਦੀਆਂ ਲੋੜਾਂ ਵੱਲ ਵਿਸ਼ੇਸ਼ ਧਿਆਨ ਦਿੰਦੀ ਹੈ।

5.4 ਸੰਸਥਾ ਐਬੋਰਿਜ਼ਨਲ ਬੱਚਿਆਂ ਅਤੇ ਯੁਵਾਵਾਂ ਦੀਆਂ ਲੋੜਾਂ 'ਤੇ ਵਿਸ਼ੇਸ਼ ਧਿਆਨ ਦਿੰਦੀ ਹੈ ਅਤੇ ਉਹਨਾਂ ਲਈ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਮਾਹੌਲ ਪ੍ਰਦਾਨ ਕਰਦੀ ਹੈ/ਉਤਸ਼ਾਹਿਤ ਕਰਦੀ ਹੈ।

## ਮੁੱਖ ਨੁਕਤੇ

- ਬੱਚਿਆਂ ਵਿੱਚ ਵਿਲੱਖਣ ਯੋਗਤਾਵਾਂ, ਵਿਸ਼ੇਸ਼ਤਾਵਾਂ, ਹੁਨਰ ਅਤੇ ਜੀਵਨ ਅਨੁਭਵ ਹੁੰਦੇ ਹਨ। ਪਿਛੋਕੜ, ਸ਼ਖਸੀਅਤ ਅਤੇ ਵਿਸ਼ਵਾਸਾਂ ਵਿੱਚ ਅੰਤਰ ਇਸ ਗੱਲ ਨੂੰ ਰੂਪਰੇਖਾ ਦਿੰਦੇ ਹਨ ਕਿ ਕੋਈ ਬੱਚਾ ਸੰਸਾਰ ਨੂੰ ਕਿਵੇਂ ਅਨੁਭਵ ਕਰਦਾ ਹੈ ਅਤੇ ਉਹਨਾਂ ਨੂੰ ਕੀ ਚਾਹੀਦਾ ਹੈ।
- ਜਦੋਂ ਵਿਭਿੰਨਤਾ ਦੀ ਕਦਰ ਅਤੇ ਸਤਿਕਾਰ ਕੀਤਾ ਜਾਂਦਾ ਹੈ ਤਾਂ ਸੰਸਥਾਵਾਂ ਅਤੇ ਭਾਈਚਾਰੇ ਮਜ਼ਬੂਤ ਹੁੰਦੇ ਹਨ ਕਿਉਂਕਿ ਬੱਚੇ ਆਪਣੀ ਸਮਰੱਥਾ ਨੂੰ ਪੂਰਾ ਕਰਨ ਦੇ ਮੌਕਿਆਂ ਤੱਕ ਪਹੁੰਚ ਕਰ ਸਕਦੇ ਹਨ।
- ਨਕਾਰਾਤਮਕ ਅਨੁਭਵ ਜਿਵੇਂ ਕਿ ਬਾਈਕਾਟ ਅਤੇ ਭੇਦਭਾਵ ਕਰਨਾ ਨੁਕਸਾਨਦੇਹ ਹੋ ਸਕਦਾ ਹੈ, ਬੱਚੇ ਨੂੰ ਨੁਕਸਾਨ ਅਤੇ ਸ਼ੋਸ਼ਣ ਹੋਣ ਦੇ ਜ਼ੋਖਮ ਨੂੰ ਵਧਾਉਂਦਾ ਹੈ ਅਤੇ ਜੇਕਰ ਬੱਚੇ ਨੂੰ ਕੋਈ ਚਿੰਤਾ ਹੈ ਤਾਂ ਇਸ ਬਾਰੇ ਬੱਚੇ ਦੇ ਬੋਲਣ ਦੀ ਸੰਭਾਵਨਾ ਨੂੰ ਘਟਾ ਸਕਦੇ ਹਨ।
- ਇਕਸਮਾਨਤਾ ਨਿਰਪੱਖਤਾ ਦੀ ਇੱਕ ਅਵਸਥਾ ਹੈ ਜਿਸ ਵਿੱਚ ਸਾਰੇ ਬੱਚੇ ਆਪਣੇ ਪਿਛੋਕੜ, ਵਿਸ਼ੇਸ਼ਤਾਵਾਂ ਜਾਂ ਵਿਸ਼ਵਾਸਾਂ ਦੀ ਪਰਵਾਹ ਕੀਤੇ ਬਗ਼ੈਰ, ਜੀਵਨ ਦੇ ਸਾਰੇ ਖੇਤਰਾਂ ਵਿੱਚ ਬੇਰੋਕ ਅਤੇ ਬਰਾਬਰ ਰੂਪ ਵਿੱਚ ਹਿੱਸਾ ਲੈ ਸਕਦੇ ਹਨ। ਬਾਲ ਸੁਰੱਖਿਅਤ ਸੰਸਥਾਵਾਂ ਵਿੱਚ, ਇਸਦਾ ਮਤਲਬ ਹੈ ਕਿ ਬੱਚੇ ਦੀ ਸੁਰੱਖਿਆ ਉਹਨਾਂ ਦੀ ਸਮਾਜਿਕ ਜਾਂ ਆਰਥਿਕ ਸਥਿਤੀ, ਉਹਨਾਂ ਦੇ ਸੱਭਿਆਚਾਰਕ ਪਿਛੋਕੜ ਜਾਂ ਉਹਨਾਂ ਦੀਆਂ ਯੋਗਤਾਵਾਂ ਸਮੇਤ ਉਹਨਾਂ ਦੇ ਹਾਲਾਤਾਂ 'ਤੇ ਨਿਰਭਰ ਨਹੀਂ ਕਰਦੀ ਹੈ।
- ਇੱਕ ਬਾਲ ਸੁਰੱਖਿਅਤ ਸੰਸਥਾ ਵਿਭਿੰਨਤਾ ਨੂੰ ਮਾਨਤਾ ਅਤੇ ਸਤਿਕਾਰ ਦਿੰਦੀ ਹੈ ਅਤੇ ਸਮਝਦੀ ਹੈ ਕਿ ਕੁੱਝ ਬੱਚੇ ਦੂਜਿਆਂ ਨਾਲੋਂ ਸ਼ੋਸ਼ਣ ਕੀਤੇ ਜਾਣ ਪ੍ਰਤੀ ਵਧੇਰੇ ਜ਼ੋਖਮ 'ਤੇ ਹੁੰਦੇ ਹਨ। ਇਸ ਦੀਆਂ ਨੀਤੀਆਂ ਅਤੇ ਕੰਮ ਕਰਨ ਦੇ ਤਰੀਕੇ ਹਨ ਜੋ ਇਹ ਯਕੀਨੀ ਬਣਾਉਂਦੇ ਹਨ ਕਿ ਬੱਚਿਆਂ ਦੀ ਉਹਨਾਂ ਰਿਸ਼ਤਿਆਂ, ਹੁਨਰਾਂ, ਗਿਆਨ ਅਤੇ ਸਰੋਤਾਂ ਤੱਕ ਪਹੁੰਚ ਹੋਵੇ, ਜਿੰਨ੍ਹਾਂ ਦੀ ਉਹਨਾਂ ਨੂੰ ਆਪਣੇ ਸਾਥੀਆਂ ਵਾਂਗ ਸੁਰੱਖਿਅਤ ਹੋਣ ਲਈ ਲੋੜ ਹੈ।

- ਅਜਿਹੀ ਜਾਣਕਾਰੀ ਪ੍ਰਦਾਨ ਕਰਨਾ, ਜਿਸ ਵਿੱਚ ਉਪਲਬਧ ਸਹਾਇਤਾਵਾਂ ਅਤੇ ਸ਼ਿਕਾਇਤ ਪ੍ਰਕਿਰਿਆਵਾਂ ਬਾਰੇ ਜਾਣਕਾਰੀ ਸ਼ਾਮਲ ਹੈ, ਜੋ ਪਹੁੰਚਯੋਗ, ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਸਮਝਣ ਵਿੱਚ ਆਸਾਨ ਹੈ, ਵਿੱਚ ਇਹ ਸਮਝਣਾ ਸ਼ਾਮਲ ਹੁੰਦਾ ਹੈ ਕਿ ਕਿਵੇਂ ਬੱਚਿਆਂ ਦੀਆਂ ਸੰਚਾਰ ਲੋੜਾਂ ਉਹਨਾਂ ਦੀਆਂ ਵਿਅਕਤੀਗਤ ਸਮਰੱਥਾਵਾਂ ਅਤੇ ਵਿਕਾਸ ਦੇ ਪੜਾਅ ਦੇ ਆਧਾਰ 'ਤੇ ਵੱਖੋਂ-ਵੱਖਰੀਆਂ ਹੁੰਦੀਆਂ ਹਨ।
- ਕਿਸੇ ਬੱਚੇ ਦੀ ਤੁਹਾਡੀ ਸੰਸਥਾ ਦੀ ਸ਼ਿਕਾਇਤ ਪ੍ਰਕਿਰਿਆ ਤੱਕ ਪਹੁੰਚ ਉਹਨਾਂ ਦੇ ਪਿਛੋਕੜ, ਵਿਸ਼ੇਸ਼ਤਾਵਾਂ ਜਾਂ ਜੀਵਨ ਅਨੁਭਵ ਦੇ ਕਾਰਨ ਸੀਮਤ ਨਹੀਂ ਹੋਣੀ ਚਾਹੀਦੀ ਹੈ। ਇਹ ਮਹੱਤਵਪੂਰਨ ਹੈ ਕਿ ਸਾਰੇ ਬੱਚੇ ਸ਼ਿਕਾਇਤ ਕਰਨ ਜਾਂ ਚਿੰਤਾ ਪ੍ਰਗਟ ਕਰਨ ਦੇ ਯੋਗ ਹਨ।
- ਸੰਸਥਾਵਾਂ ਨੂੰ ਬੱਚਿਆਂ ਦੇ ਵਿਭਿੰਨ ਹਾਲਾਤਾਂ ਦੇ ਨਾਲ-ਨਾਲ ਉਨ੍ਹਾਂ ਨਾਲ ਨਿਰਪੱਖ ਵਿਵਹਾਰ ਕੀਤੇ ਜਾਣ ਦੇ ਅਧਿਕਾਰ ਨੂੰ ਸਮਝਣ ਦੀ ਲੋੜ ਹੈ। ਇਸ ਵਿੱਚ ਇਹਨਾਂ ਦੀਆਂ ਲੋੜਾਂ ਵੱਲ ਧਿਆਨ ਦੇਣਾ ਸ਼ਾਮਲ ਹੈ:
  - ਅਪੰਗਤਾ ਵਾਲੇ ਬੱਚੇ - ਬਾਲ ਸੁਰੱਖਿਅਤ ਸੰਸਥਾ ਅਪਾਹਜਤਾ ਵਾਲੇ ਬੱਚਿਆਂ ਨੂੰ ਸ਼ਕਤੀ ਪ੍ਰਦਾਨ ਕਰਦੀ ਹੈ। ਇਹ ਕਿਸੇ ਬੱਚੇ ਦੀਆਂ ਯੋਗਤਾਵਾਂ ਬਾਰੇ ਰੂੜ੍ਹੀਵਾਦੀ ਰਾਏ ਜਾਂ ਧਾਰਨਾਵਾਂ ਨਹੀਂ ਬਣਾਉਂਦੀ ਹੈ, ਸਗੋਂ ਇਹ ਪਛਾਣਦੀ ਹੈ ਕਿ ਹਰੇਕ ਬੱਚਾ ਵੱਖਰਾ ਹੁੰਦਾ ਹੈ ਅਤੇ ਅਪਾਹਜਤਾ ਅਤੇ ਸੰਸਾਰ ਨੂੰ ਵੱਖਰੇ ਢੰਗ ਨਾਲ ਅਨੁਭਵ ਕਰਦਾ ਹੈ।
  - ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ ਪਿਛੋਕੜ ਵਾਲੇ ਬੱਚੇ - ਬਾਲ ਸੁਰੱਖਿਅਤ ਸੰਸਥਾ ਭਾਸ਼ਾ ਅਤੇ ਸੱਭਿਆਚਾਰਕ ਲੋੜਾਂ ਨੂੰ ਸਮਝਣ ਲਈ ਕਦਮ ਚੁੱਕਦੀ ਹੈ ਅਤੇ ਵਿਭਿੰਨ ਪਰਿਵਾਰਕ ਢਾਂਚੇ ਅਤੇ ਨਿਯਮਾਂ ਨੂੰ ਧਿਆਨ ਵਿੱਚ ਰੱਖਦੀ ਹੈ।
  - ਇੱਥੇ ਬਹੁਤ ਸਾਰੇ ਕਾਰਨ ਹਨ ਜਿੰਨ੍ਹਾਂ ਕਾਰਨ ਬੱਚੇ ਘਰ ਵਿੱਚ ਰਹਿਣ ਦੇ ਯੋਗ ਨਹੀਂ ਹੋ ਸਕਦੇ ਹਨ। ਉਹਨਾਂ ਦੇ ਰਹਿਣ-ਸਹਿਣ ਦੇ ਪ੍ਰਬੰਧ ਵੱਖੋ-ਵੱਖਰੇ ਹੋ ਸਕਦੇ ਹਨ, ਜਿਸ ਵਿੱਚ ਰਸਮੀ ਜਾਂ ਗ਼ੈਰ ਰਸਮੀ ਤੌਰ 'ਤੇ ਰਿਸ਼ਤੇਦਾਰਾਂ ਜਾਂ ਦੋਸਤਾਂ (ਕਿਨਸ਼ਿਪ ਕੇਅਰ), ਫੋਸਟਰ (ਪਾਲਣ-ਪੋਸ਼ਣ) ਜਾਂ ਰਿਹਾਇਸ਼ੀ ਦੇਖਭਾਲ ਸ਼ਾਮਲ ਹਨ। ਹੋ ਸਕਦਾ ਹੈ ਕਿ ਤੁਸੀਂ ਬੱਚੇ ਦੇ ਰਹਿਣ-ਸਹਿਣ ਦੇ ਪ੍ਰਬੰਧਾਂ ਤੋਂ ਜਾਣੂ ਨਾ ਹੋਵੋ, ਪਰ ਇਹ ਜ਼ਰੂਰੀ ਹੈ ਕਿ ਤੁਹਾਡੀ ਸੰਸਥਾ ਨੂੰ ਸਾਰੇ ਬੱਚਿਆਂ ਲਈ ਸੁਰੱਖਿਅਤ ਅਤੇ ਸੁਆਗਤ ਕਰਨ ਵਾਲੀ ਬਣਾਇਆ ਜਾਵੇ, ਚਾਹੇ ਉਨ੍ਹਾਂ ਦੇ ਹਾਲਾਤ ਜੋ ਵੀ ਹੋਣ।
  - ਲੈਸਬੀਅਨ, ਗੇਅ, ਦੁਵਲਿੰਗੀ, ਟ੍ਰਾਂਸਜੈਂਡਰ, ਅੰਤਰਲਿੰਗੀ, ਕੁਆਇਰ, ਲਿੰਗ ਵਿਭਿੰਨ ਅਤੇ ਗ਼ੈਰ-ਬਾਈਨਰੀ ਬੱਚੇ ਅਤੇ ਯੁਵਾ - ਬੱਚੇ ਅਤੇ ਯੁਵਾ ਵੱਖ-ਵੱਖ ਤਰੀਕਿਆਂ ਨਾਲ ਆਪਣੀ ਲਿੰਗੀ ਪਹਿਚਾਣ, ਲਿੰਗਕਤਾ ਅਤੇ ਲਿੰਗ ਦਾ ਅਨੁਭਵ ਕਰ ਸਕਦੇ ਹਨ ਅਤੇ ਪ੍ਰਗਟਾਵਾ ਕਰ ਸਕਦੇ ਹਨ। ਤੁਹਾਡੀ ਸੰਸਥਾ ਵਿੱਚ LGBTIQ ਬੱਚਿਆਂ ਅਤੇ ਯੁਵਾਵਾਂ ਨੂੰ ਸੁਰੱਖਿਅਤ ਮਹਿਸੂਸ ਕਰਨ ਅਤੇ ਸੁਰੱਖਿਅਤ ਰਹਿਣ ਲਈ, ਤੁਹਾਨੂੰ ਸਰਗਰਮੀ ਨਾਲ ਇਹ ਪ੍ਰਦਰਸ਼ਿਤ ਕਰਨਾ ਚਾਹੀਦਾ ਹੈ ਕਿ ਤੁਸੀਂ ਉਹਨਾਂ ਦਾ ਸੁਆਗਤ ਕਰਦੇ ਹੋ ਅਤੇ ਉਹਨਾਂ ਦੀ ਕਦਰ ਕਰਦੇ ਹੋ ਅਤੇ ਇਹ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਤੁਸੀਂ ਉਹਨਾਂ ਨੂੰ ਸ਼ੋਸ਼ਣ ਅਤੇ ਨੁਕਸਾਨ ਤੋਂ ਬਚਾਉਣ ਲਈ ਕਦਮ ਚੁੱਕੋਗੇ।
  - ਐਬੋਰਿਜ਼ਨਲ ਬੱਚੇ - ਸੰਸਥਾਵਾਂ ਨੂੰ ਲਾਜ਼ਮੀ ਤੌਰ 'ਤੇ ਬੱਚਿਆਂ ਨੂੰ ਆਪਣੇ ਸੱਭਿਆਚਾਰ ਅਤੇ ਭਾਈਚਾਰੇ ਦਾ ਆਨੰਦ ਮਾਣਨ ਅਤੇ ਨਾਲ ਜੁੜੇ ਮਹਿਸੂਸ ਕਰਨ, ਨਸਲਵਾਦ ਤੋਂ ਪੈਦਾ ਹੋਣ ਵਾਲੇ ਨੁਕਸਾਨ ਤੋਂ ਸੁਰੱਖਿਅਤ ਹੋਣ, ਅਤੇ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਸੇਵਾਵਾਂ ਅਤੇ ਸੰਸਥਾਵਾਂ ਤੱਕ ਪਹੁੰਚ ਹੋਣ ਦੇ ਅਧਿਕਾਰ ਨੂੰ ਬਰਕਰਾਰ ਰੱਖਣਾ ਚਾਹੀਦਾ ਹੈ। ਬਾਲ ਸੁਰੱਖਿਅਤ ਸੰਸਥਾ ਬਣਾਉਣ ਲਈ ਇੱਕ ਗਾਈਡ (A guide for creating a Child Safe Organisation) ਵਿੱਚ ਐਬੋਰਿਜ਼ਨਲ ਬੱਚਿਆਂ ਲਈ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਮਾਹੌਲ ਸਥਾਪਤ ਕਰਨ ਬਾਰੇ ਵਧੇਰੇ ਵਿਸਥਾਰ-ਪੂਰਵਕ ਜਾਣਕਾਰੀ ਹੈ।

## ਨਿਯਮ-ਕਾਨੂੰਨ ਪਾਲਣਾ ਸੂਚਕ

### ਇਸ ਮਿਆਰ ਦਾ ਮੁਲਾਂਕਣ ਕਰਨ ਵੇਲੇ ਕਮਿਸ਼ਨ ਕੀ ਦੇਖੇਗਾ?

ਸੰਸਥਾਵਾਂ ਸੁਭਾਵਿਕ ਤੌਰ 'ਤੇ ਕਾਨੂੰਨ ਪਾਲਣਾ ਕਰ ਰਹੀਆ ਹੋਣਗੀਆਂ ਜੇਕਰ ਉਹ ਇਸ ਤਰੀਕੇ ਨਾਲ ਇਹ ਦਸਤਾਵੇਜ਼ ਤਿਆਰ ਕਰਦੇ ਹਨ ਅਤੇ ਇਨ੍ਹਾਂ ਕਾਰਵਾਈਆਂ ਨੂੰ ਕਰਦੇ ਹਨ ਜੋ ਉਸ ਸੰਸਥਾ ਨੂੰ ਇਸ ਮਿਆਰ ਨੂੰ ਹਾਸਿਲ ਕਰਨ ਵਿੱਚ ਮੱਦਦ ਕਰਦਾ ਹੈ।[20]

### ਦਸਤਾਵੇਜ਼

- ਬੱਚਿਆਂ ਲਈ ਸਮੱਗਰੀ, ਜਿਸ ਵਿੱਚ ਸ਼ਿਕਾਇਤ ਪ੍ਰਕਿਰਿਆ ਅਤੇ ਸਹਾਇਤਾ ਬਾਰੇ ਜਾਣਕਾਰੀ ਸ਼ਾਮਲ ਹੈ, ਪਹੁੰਚਯੋਗ, ਉਮਰ-ਮੁਤਾਬਕ ਢੁੱਕਵੀਂ ਅਤੇ ਲੋੜ ਅਨੁਸਾਰ ਕਈ ਭਾਸ਼ਾਵਾਂ ਅਤੇ ਫਾਰਮੈਟਾਂ ਵਿੱਚ ਉਪਲਬਧ ਹਨ। ਸਿਰਫ਼ ਲਿਖਤੀ ਦਸਤਾਵੇਜ਼ਾਂ 'ਤੇ ਹੀ ਭਰੋਸਾ ਨਹੀਂ ਕੀਤਾ ਜਾਂਦਾ ਹੈ, ਖ਼ਾਸ ਤੌਰ 'ਤੇ ਉਨ੍ਹਾਂ ਬੱਚਿਆਂ ਲਈ ਜੋ ਅੰਨ੍ਹੇ ਹਨ ਜਾਂ ਨਜ਼ਰ ਕਮਜ਼ੋਰ ਹੈ, ਜਾਂ ਉਹ ਬੱਚੇ ਜੋ ਪੜ੍ਹ ਨਹੀਂ ਸਕਦੇ ਹਨ। (5.2)
- ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ ਇਸ ਬਾਰੇ ਦੱਸਦੀ ਹੈ:
  - ਇਕਸਮਾਨਤਾ ਅਤੇ ਸ਼ਮੂਲੀਅਤ ਲਈ ਸੰਸਥਾ ਦੀ ਵਚਨਬੱਧਤਾ ਬਾਰੇ(5.1)
  - ਕਿ ਕਿਵੇਂ ਸੰਸਥਾ ਸਾਰੇ ਬੱਚਿਆਂ ਦੀਆਂ ਵਿਭਿੰਨ ਲੋੜਾਂ ਨੂੰ ਪਛਾਣੇਗੀ ਅਤੇ ਉਨ੍ਹਾਂ ਦਾ ਸਨਮਾਨ ਕਰੇਗੀ (5.1)
  - ਕਿ ਕਿਵੇਂ ਸੰਸਥਾ ਬੱਚਿਆਂ ਜਾਂ ਉਹਨਾਂ ਦੇ ਪਰਿਵਾਰਾਂ ਨੂੰ ਉਹਨਾਂ ਦੀਆਂ ਵਿਅਕਤੀਗਤ ਲੋੜਾਂ ਦੀ ਪਛਾਣ ਕਰਨ ਲਈ ਮੌਕੇ ਪ੍ਰਦਾਨ ਕਰਦੀ ਹੈ (5.1)
  - ਕਿ ਕਿਵੇਂ ਸੰਸਥਾ ਬੱਚਿਆਂ ਨੂੰ ਜਾਣਕਾਰੀ, ਸਹਾਇਤਾ ਅਤੇ ਸ਼ਿਕਾਇਤ ਪ੍ਰਕਿਰਿਆਵਾਂ ਤੱਕ ਪਹੁੰਚ ਪ੍ਰਦਾਨ ਕਰੇਗੀ ਜੋ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ, ਪਹੁੰਚਯੋਗ ਅਤੇ ਸਮਝਣ ਵਿੱਚ ਆਸਾਨ ਹਨ (5.2)
  - ਕਿ ਕਿਵੇਂ ਸੰਸਥਾ ਇਕਸਮਾਨਤਾ ਦਾ ਸਮਰਥਨ ਕਰੇਗੀ ਅਤੇ ਸਾਰੇ ਬੱਚਿਆਂ ਦੁਆਰਾ ਭਾਗੀਦਾਰੀ ਦਾ ਸਮਰਥਨ ਕਰਨ ਅਤੇ ਬੱਚਿਆਂ ਦੀਆਂ ਸਾਰੀਆਂ ਜ਼ਰੂਰਤਾਂ (5.1, 5.3, 5.4) ਪ੍ਰਤੀ ਜਵਾਬੀ ਕਾਰਵਾਈ ਕਰਨ ਲਈ ਵਾਜਬ ਤਬਦੀਲੀਆਂ ਕਰੇਗੀ।
  - ਕਿ ਕਿਵੇਂ ਸੰਸਥਾ ਸਾਰੇ ਬੱਚਿਆਂ ਲਈ ਇਕਸਮਾਨਤਾ ਨੂੰ ਬਰਕਰਾਰ ਰੱਖਦੀ ਹੈ ਅਤੇ ਅਪਾਹਜਤਾ, ਜਾਤ, ਨਸਲ, ਧਰਮ, ਲਿੰਗ, ਅੰਤਰ-ਲਿੰਗ ਸਥਿਤੀ, ਲਿੰਗ ਪਛਾਣ ਜਾਂ ਜਿਨਸੀ ਰੁਝਾਨ ਦੇ ਅਧਾਰ 'ਤੇ ਭੇਦਭਾਵ ਕੀਤੇ ਜਾਣ ਦੇ ਨਤੀਜੇ ਵਜੋਂ ਬੱਚਿਆਂ ਨਾਲ ਹੋਣ ਵਾਲੇ ਸ਼ੋਸ਼ਣ ਅਤੇ ਨੁਕਸਾਨ ਨੂੰ ਰੋਕਦੀ ਹੈ। (5.1, 5.3, 5.4)

### ਕਾਰਵਾਈਆਂ

- ਸੰਸਥਾ ਉਹਨਾਂ ਬੱਚਿਆਂ ਦੀਆਂ ਵਿਭਿੰਨ ਸਥਿਤੀਆਂ ਅਤੇ ਲੋੜਾਂ ਨੂੰ ਸਮਝਣ ਲਈ ਕਦਮ ਚੁੱਕਦੀ ਹੈ ਜੋ ਇਸ ਨਾਲ ਜੁੜਦੇ ਹਨ ਜਾਂ ਜੁੜ ਸਕਦੇ ਹਨ। (5.1, 5.3)
- ਸਟਾਫ਼ ਅਤੇ ਵਾਲੰਟੀਅਰਾਂ:

[20] ਤੁਹਾਡੀ ਸੰਸਥਾ ਦੇ ਸੁਭਾਅ ਜਾਂ ਵਿਸ਼ੇਸ਼ਤਾਵਾਂ ਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਨੂੰ ਇਸ ਗਾਈਡ ਵਿੱਚ ਪ੍ਰਸਤਾਵਿਤ ਚੀਜ਼ਾਂ ਤੋਂ ਕੁੱਝ ਵੱਖਰਾ ਕਰਨ ਦੀ ਲੋੜ ਹੈ। ਜੇਕਰ ਅਜਿਹਾ ਹੈ, ਤਾਂ ਤੁਹਾਨੂੰ ਇਹ ਦੱਸਣਾ ਪੈ ਸਕਦਾ ਹੈ ਕਿ ਤੁਹਾਡੀ ਪਹੁੰਚ ਨਤੀਜਿਆਂ ਅਤੇ ਮਿਆਰਾਂ ਦੀਆਂ ਘੱਟੋ-ਘੱਟ ਲੋੜਾਂ ਦੀ ਕਿਵੇਂ ਪਾਲਣਾ ਕਰਦੀ ਹੈ। ਕੁੱਝ ਸੈਕਟਰਾਂ ਅਤੇ ਸੰਸਥਾਵਾਂ ਕੋਲ ਸਹਿ-ਰੈਗੂਲੇਟਰ ਹਨ ਜਿਨ੍ਹਾਂ ਨੇ ਵਿਸ਼ੇਸ਼ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹੋਏ ਹਨ। ਜਿੱਥੇ ਇਨ੍ਹਾਂ ਮਿਆਰਾਂ 'ਤੇ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ ਤੁਹਾਡੀ ਸੰਸਥਾ 'ਤੇ ਲਾਗੂ ਹੁੰਦੇ ਹਨ, ਅਤੇ ਇਸ ਗਾਈਡ ਤੋਂ ਵੱਖਰੀ ਹੈ, ਤੁਹਾਡੀ ਸੰਸਥਾ ਨੂੰ ਉਸ ਸੈਕਟਰ ਵਿੱਚ ਆਪਣੇ ਕੰਮਕਾਜ ਲਈ ਉਸ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

- ਨੂੰ ਇਸ ਬਾਰੇ ਜਾਣਕਾਰੀ ਅਤੇ ਮਾਰਗਦਰਸ਼ਨ ਪ੍ਰਦਾਨ ਕੀਤਾ ਜਾਂਦਾ ਹੈ ਕਿ ਬੱਚਿਆਂ ਦੇ ਵਿਭਿੰਨ ਹਾਲਾਤਾਂ ਕੀ ਹੁੰਦੇ ਹਨ, ਉਹਨਾਂ ਕਾਰਕਾਂ ਦੀ ਪਛਾਣ ਕਿਵੇਂ ਕਰਨੀ ਹੈ ਜੋ ਬੱਚੇ ਨੂੰ ਨੁਕਸਾਨ ਕੀਤੇ ਜਾਣ ਦੇ ਜ਼ੋਖਮ ਨੂੰ ਵਧਾ ਸਕਦੇ ਹਨ, ਅਤੇ ਸਾਰੇ ਬੱਚਿਆਂ ਲਈ ਇਕਸਮਾਨਤਾ ਅਤੇ ਸੁਰੱਖਿਆ ਨੂੰ ਕਿਵੇਂ ਉਤਸ਼ਾਹਿਤ ਕਰਨਾ ਹੈ।
- ਉਹਨਾਂ ਬੱਚਿਆਂ ਦੀ ਸਹਾਇਤਾ ਕਰਨ ਅਤੇ ਉਹਨਾਂ ਪ੍ਰਤੀ ਜਵਾਬੀ ਕਾਰਵਾਈ ਕਰਨ ਕਾਰਵਾਈ ਕਰਦੇ ਹਨ ਜੋ ਜ਼ੋਖਮ ਵਿੱਚ ਹਨ, ਜਿਸ ਵਿੱਚ ਪੁੱਛ-ਗਿੱਛ ਕਰਨਾ ਅਤੇ ਜਵਾਬੀ ਕਾਰਵਾਈ ਕਰਨਾ ਸ਼ਾਮਲ ਹੈ ਜਿੱਥੇ ਜ਼ੋਖਮ ਵਧਣ ਦੇ ਸੰਕੇਤ ਮੌਜੂਦ ਹੁੰਦੇ ਹਨ
- ਸਾਰੇ ਬੱਚਿਆਂ ਲਈ ਇਕਸਮਾਨਤਾ ਨੂੰ ਬਰਕਰਾਰ ਰੱਖਣ, ਬੱਚਿਆਂ ਦੀ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਅਤੇ ਬੱਚਿਆਂ ਨਾਲ ਸ਼ੋਸ਼ਣ ਅਤੇ ਨੁਕਸਾਨ ਨੂੰ ਰੋਕਣ ਲਈ ਕਾਰਵਾਈ ਕਰਦੇ ਹਨ। (5.1, 5.3, 5.4)

- ਆਗੂਆਂ ਨੇ ਇਕਸਮਾਨਤਾ ਅਤੇ ਵਿਭਿੰਨਤਾ ਪ੍ਰਤੀ ਸਨਮਾਨ ਪ੍ਰਾਪਤੀ ਸੰਬੰਧੀ ਸਪੱਸ਼ਟ ਉਮੀਦਾਂ ਤੈਅ ਕੀਤੀਆਂ ਹੋਈਆਂ ਹਨ। (5.1 ਅਤੇ 2.2 ਦੇ ਲਿੰਕ)
- ਸੰਸਥਾ ਇਹ ਯਕੀਨੀ ਬਣਾਉਂਦੀ ਹੈ ਕਿ ਸਾਰੇ ਬੱਚਿਆਂ ਨੂੰ ਭਾਗ ਲੈਣ ਲਈ ਵਾਜਬ ਤੌਰ 'ਤੇ ਸਮਰਥਨ ਦਿੱਤਾ ਜਾਂਦਾ ਹੈ। (5.1)

# ਮਿਆਰ 6: ਬੱਚਿਆਂ ਅਤੇ ਯੁਵਾਵਾਂ ਦੇ ਨਾਲ ਕੰਮ ਕਰਨ ਵਾਲੇ ਲੋਕ ਕੰਮ ਕਰਨ ਦੇ ਤਰੀਕੇ ਵਿੱਚ ਬਾਲ ਸੁਰੱਖਿਆ ਅਤੇ ਤੰਦਰੁਸਤੀ ਮੁੱਲਾਂ ਨੂੰ ਦਰਸਾਉਣ ਲਈ ਢੁੱਕਵੇਂ ਅਤੇ ਸਮਰਥਿਤ ਹਨ

**ਬਾਲ ਸੁਰੱਖਿਆ ਮਿਆਰ 6 ਦੀ ਪਾਲਣਾ ਕਰਦੇ ਹੋਏ, ਇੱਕ ਸੰਸਥਾ ਦਾ, ਘੱਟੋ-ਘੱਟ, ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ:**

6.1 ਭਰਤੀ, ਜਿਸ ਵਿੱਚ ਇਸ਼ਤਿਹਾਰਬਾਜ਼ੀ, ਰੈਫ਼ਰੀਆਂ ਤੋਂ ਜਾਂਚ-ਪੜਤਾਲ ਕਰਨਾ ਅਤੇ ਸਟਾਫ਼ ਅਤੇ ਵਾਲੰਟੀਅਰਾਂ ਦੀ ਰੁਜ਼ਗਾਰ ਨਿਯੁਕਤੀ ਤੋਂ ਪਹਿਲਾਂ ਸਕ੍ਰੀਨਿੰਗ ਕਰਨੀ ਸ਼ਾਮਲ ਹੈ, ਬਾਲ ਸੁਰੱਖਿਆ ਅਤੇ ਤੰਦਰੁਸਤੀ 'ਤੇ ਜ਼ੋਰ ਦਿੰਦੀ ਹੈ।

6.2 ਸੰਬੰਧਿਤ ਸਟਾਫ਼ ਅਤੇ ਵਾਲੰਟੀਅਰਾਂ ਕੋਲ ਮੌਜੂਦਾ 'ਵਰਕਿੰਗ ਵਿਦ ਚਿਲਡਰਨ ਚੈੱਕ' ਜਾਂ ਇਸਦੇ ਬਰਾਬਰ ਦੀ ਬੈਕਗ੍ਰਾਉਂਡ ਜਾਂਚ ਹੈ।

6.3 ਸਾਰੇ ਸਟਾਫ਼ ਅਤੇ ਵਾਲੰਟੀਅਰਾਂ ਨੂੰ ਢੁੱਕਵੀਂ ਇੰਡਕਸ਼ਨ (ਸ਼ੁਰੂਆਤੀ ਸਿਖਲਾਈ) ਪ੍ਰਾਪਤ ਹੁੰਦੀ ਹੈ ਅਤੇ ਉਹ ਬੱਚਿਆਂ ਅਤੇ ਯੁਵਾਵਾਂ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਜਾਣੂ ਹੁੰਦੇ ਹਨ, ਜਿਸ ਵਿੱਚ ਰਿਕਾਰਡ ਰੱਖਣ, ਜਾਣਕਾਰੀ ਸਾਂਝੀ ਕਰਨ ਅਤੇ ਰਿਪੋਰਟ ਕਰਨ ਦੀਆਂ ਕਾਨੂੰਨੀ ਜ਼ਿੰਮੇਵਾਰੀਆਂ ਸ਼ਾਮਲ ਹਨ।

6.4 ਨਿਰੰਤਰ ਨਿਗਰਾਨੀ ਅਤੇ ਲੋਕ ਪ੍ਰਬੰਧਨ ਬਾਲ ਸੁਰੱਖਿਆ ਅਤੇ ਤੰਦਰੁਸਤੀ 'ਤੇ ਕੇਂਦਰਿਤ ਹੈ।

## ਮੁੱਖ ਨੁਕਤੇ

- ਭਰਤੀ ਕਰਨ ਦੇ ਚੰਗੇ ਤਰੀਕੇ ਅਤੇ ਠੋਸ ਸਕ੍ਰੀਨਿੰਗ ਪ੍ਰਕਿਰਿਆਵਾਂ ਬੱਚਿਆਂ ਨੂੰ ਹੋਣ ਵਾਲੇ ਨੁਕਸਾਨ ਨੂੰ ਰੋਕਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।
- ਭਰਤੀ ਸੰਸਥਾਵਾਂ ਦੇ ਹਰ ਸਟਾਫ਼ ਅਤੇ ਵਾਲੰਟੀਅਰ ਦੇ ਅਹੁਦੇ ਦੀ ਭੂਮਿਕਾ ਅਤੇ ਜ਼ਿੰਮੇਵਾਰੀਆਂ ਅਤੇ ਉਹਨਾਂ ਦੇ ਬੱਚਿਆਂ ਨਾਲ ਸੰਪਰਕ ਦੀ ਕਿਸਮ ਬਾਰੇ ਸਪੱਸ਼ਟ ਹੋਣ ਨਾਲ ਸ਼ੁਰੂ ਹੁੰਦੀ ਹੈ ਇਹ ਸੰਸਥਾਵਾਂ ਨੂੰ ਯੋਗਤਾਵਾਂ, ਤਜ਼ਰਬੇ ਅਤੇ ਵਿਸ਼ੇਸ਼ਤਾਵਾਂ ਦੀ ਪਛਾਣ ਕਰਨ ਵਿੱਚ ਮੱਦਦ ਕਰਦਾ ਹੈ ਜੋ ਬਿਨੈਕਾਰਾਂ ਕੋਲ ਹੋਣੀਆਂ ਚਾਹੀਦੀਆਂ ਹਨ।
- ਨੌਕਰੀ ਦੇ ਇਸ਼ਤਿਹਾਰਾਂ ਵਿੱਚ ਸੁਰੱਖਿਆ ਅਤੇ ਤੰਦਰੁਸਤੀ ਲਈ ਸੰਸਥਾ ਦੀ ਵਚਨਬੱਧਤਾ ਨੂੰ ਸਪੱਸ਼ਟ ਤੌਰ 'ਤੇ ਬਿਆਨ ਕਰਨਾ ਚਾਹੀਦਾ ਹੈ।
- ਵਰਕਿੰਗ ਵਿਦ ਚਿਲਡਰਨ ਚੈੱਕ (Working with Children Check) ਦਾ ਉਦੇਸ਼ ਲੋਕਾਂ ਨੂੰ ਬੱਚਿਆਂ ਨਾਲ ਕੰਮ ਕਰਨ ਜਾਂ ਵਲੰਟੀਅਰ ਦੇ ਤੌਰ 'ਤੇ ਕੰਮ ਕਰਨ ਤੋਂ ਰੋਕਣਾ ਹੈ ਜੇਕਰ ਉਹਨਾਂ ਦੇ ਰਿਕਾਰਡਾਂ ਦਾ ਮੁਲਾਂਕਣ ਇਹ ਦਰਸਾਉਂਦਾ ਹੈ ਕਿ ਉਹ ਬੱਚਿਆਂ ਲਈ ਗ਼ੈਰ-ਵਾਜਬ ਜ਼ੋਖਮ ਪੈਦਾ ਕਰ ਸਕਦੇ ਹਨ। ਕੁੱਝ ਲੋਕਾਂ ਨੂੰ ਕਨੂੰਨ ਦੁਆਰਾ ਇੱਕ ਵੈਧ ਜਾਂਚ ਕਰਵਾਉਣ ਦੀ ਲੋੜ ਹੁੰਦੀ ਹੈ। ਸੰਸਥਾਵਾਂ ਲੋਕਾਂ ਨੂੰ ਉਹਨਾਂ ਦੀ ਸਕ੍ਰੀਨਿੰਗ ਪ੍ਰਕਿਰਿਆ ਦੇ ਹਿੱਸੇ ਵਜੋਂ ਇੱਕ ਵੈਧ ਜਾਂਚ ਕਰਵਾਉਣ ਦੀ ਵੀ ਚੋਣ ਕਰ ਸਕਦੀਆਂ ਹਨ, ਭਾਵੇਂ ਕਨੂੰਨ ਦੁਆਰਾ ਇਸਦੀ ਲੋੜ ਨਾ ਹੋਵੇ।
- ਤੁਹਾਡੀ ਸੰਸਥਾ ਵਿੱਚ ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ 'ਵਰਕਿੰਗ ਵਿਦ ਚਿਲਡਰਨ ਚੈੱਕ' ਇੱਕ ਉਪਯੋਗੀ ਸਾਧਨ ਹੈ। ਹਾਲਾਂਕਿ, ਇਹ ਕਿਸੇ ਖ਼ਾਸ ਭੂਮਿਕਾ ਵਿੱਚ ਬੱਚਿਆਂ ਨਾਲ ਕੰਮ ਕਰਨ ਜਾਂ ਉਹਨਾਂ ਦੀ ਦੇਖਭਾਲ ਕਰਨ ਲਈ ਕਿਸੇ ਵਿਅਕਤੀ ਦੇ ਢੁੱਕਵੇਂਪਨ ਦਾ ਮੁਲਾਂਕਣ ਨਹੀਂ ਕਰਦਾ ਹੈ। ਕਿਸੇ ਬਿਨੈਕਾਰ ਦੇ ਢੁੱਕਵੇਂਪਨ ਦਾ ਮੁਲਾਂਕਣ ਕਰਨ ਵਿੱਚ ਮੱਦਦ ਕਰਨ ਲਈ ਉਹਨਾਂ ਦੇ ਮੁੱਲਾਂ ਨੂੰ ਸਮਝਣ ਦੀ ਕੋਸ਼ਿਸ਼ ਕਰੋ।
- ਹਵਾਲਾ (ਰੈਫ਼ਰੈਂਸ) ਦੇਣ ਵਾਲੇ ਵਿਕਅਤੀਆਂ ਤੋਂ ਸਹੀ ਤਰ੍ਹਾਂ ਜਾਂਚ ਕਰਨ ਵਿੱਚ ਅਸਫ਼ਲ ਰਹਿਣ ਨਾਲ ਬੱਚਿਆਂ ਦੀ ਸੁਰੱਖਿਆ ਨਾਲ ਸਮਝੌਤਾ ਹੋ ਸਕਦਾ ਹੈ। ਹਵਾਲਾ (ਰੈਫ਼ਰੈਂਸ) ਦੇਣ ਵਾਲੇ ਵਿਕਅਤੀਆਂ ਤੋਂ ਜਾਂਚ ਕਰਨ ਨਾਲ ਤੁਸੀਂ

ਬਿਨੈਕਾਰ ਦੀ ਜਾਣਕਾਰੀ ਦੀ ਪੁਸ਼ਟੀ ਕਰ ਸਕਦੇ ਹੋ ਅਤੇ ਇੰਟਰਵਿਊ ਵਿੱਚ ਉਹਨਾਂ ਵੱਲੋਂ ਦਿੱਤੇ ਜਵਾਬਾਂ ਬਾਰੇ ਤੁਹਾਨੂੰ ਕਿਸੇ ਵੀ ਚਿੰਤਾ ਦਾ ਪਤਾ ਲਗਾ ਸਕਦੇ ਹੋ।

- ਸਟਾਫ਼ ਅਤੇ ਵਲੰਟੀਅਰਾਂ ਨੂੰ ਲਾਜ਼ਮੀ ਤੌਰ 'ਤੇ ਉਹਨਾਂ ਦੀਆਂ ਭੂਮਿਕਾਵਾਂ ਅਤੇ ਸੰਸਥਾ ਵਿੱਚ ਉਚਿਤ ਰੂਪ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ, ਤਾਂ ਜੋ ਉਹ ਬੱਚਿਆਂ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਅਤੇ ਉਹਨਾਂ ਲਈ ਇੱਕ ਸੁਰੱਖਿਅਤ ਮਾਹੌਲ ਕਿਵੇਂ ਬਣਾਇਆ ਜਾਵੇ, ਨੂੰ ਸਮਝ ਸਕਣ। ਇਸ ਵਿੱਚ ਤੁਹਾਡੀ ਸੰਸਥਾ ਦੀ ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ ਅਤੇ ਆਚਾਰ-ਸੰਹਿਤਾ ਦੀ ਸੰਖੇਪ ਜਾਣਕਾਰੀ ਪ੍ਰਦਾਨ ਕਰਨਾ ਸ਼ਾਮਲ ਹੋਣਾ ਲਾਜ਼ਮੀ ਹੈ।
- ਇੰਡਕਸ਼ਨ ਵਿੱਚ ਤੁਹਾਡੀ ਸੰਸਥਾ ਦੀ ਸ਼ਿਕਾਇਤ ਨਿਪਟਾਰਾ ਨੀਤੀ, ਰਿਪੋਰਟਿੰਗ, ਰਿਕਾਰਡ ਰੱਖਣ ਅਤੇ ਜਾਣਕਾਰੀ ਸਾਂਝੀ ਕਰਨ ਦੀਆਂ ਕਾਨੂੰਨੀ ਜ਼ਿੰਮੇਵਾਰੀਆਂ ਬਾਰੇ ਵੀ ਜਾਣਕਾਰੀ ਸ਼ਾਮਲ ਹੋਣੀ ਲਾਜ਼ਮੀ ਹੈ। ਸਟਾਫ਼ ਅਤੇ ਵਾਲੰਟੀਅਰਾਂ ਨੂੰ ਇਸ ਬਾਰੇ ਸਪੱਸ਼ਟ ਜਾਣਕਾਰੀ ਪ੍ਰਾਪਤ ਹੋਣੀ ਚਾਹੀਦੀ ਹੈ ਕਿ ਜੇਕਰ ਉਹਨਾਂ ਨੂੰ ਬੱਚੇ ਦੀ ਸੁਰੱਖਿਆ ਜਾਂ ਤੰਦਰੁਸਤੀ ਬਾਰੇ ਚਿੰਤਾ ਹੈ ਤਾਂ ਕੀ ਕਰਨਾ ਹੈ।
- ਸਪੱਸ਼ਟ ਕਾਰਗੁਜ਼ਾਰੀ ਮਿਆਰਾਂ ਅਤੇ ਮੁੱਦਿਆਂ 'ਤੇ ਚਰਚਾ ਕਰਨ ਅਤੇ ਚਿੰਤਾਵਾਂ ਨੂੰ ਉਠਾਉਣ ਲਈ ਮੈਨੇਜਰਾਂ ਅਤੇ ਵਿਅਕਤੀਗਤ ਸਟਾਫ਼ ਅਤੇ ਵਾਲੰਟੀਅਰਾਂ ਵਿਚਕਾਰ ਨਿਯਮਤ ਰੂਪ ਵਿੱਚ ਮੀਟਿੰਗਾਂ ਹੋਣ ਦੇ ਨਾਲ-ਨਾਲ ਸਟਾਫ਼ ਅਤੇ ਵਲੰਟੀਅਰਾਂ ਦੀ ਨਿਗਰਾਨੀ ਬਾਲ ਸੁਰੱਖਿਆ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਦੀ ਹੈ। ਨਿਯਮਤ ਨਿਗਰਾਨੀ ਮੈਨੇਜਰਾਂ ਨੂੰ ਬੱਚਿਆਂ ਨੂੰ ਨੁਕਸਾਨ ਪਹੁੰਚਾਉਣ ਤੋਂ ਪਹਿਲਾਂ ਸਟਾਫ਼ ਅਤੇ ਵਾਲੰਟੀਅਰਾਂ ਦੁਆਰਾ ਕਿਸੇ ਵੀ ਅਸੁਰੱਖਿਅਤ ਜਾਂ ਸੰਬੰਧਿਤ ਵਿਵਹਾਰ ਨੂੰ ਫੀਡਬੈਕ ਦੇਣ ਅਤੇ ਹੱਲ ਕਰਨ ਦੇ ਯੋਗ ਬਣਾਉਂਦੀ ਹੈ।

## ਨਿਯਮ-ਕਾਨੂੰਨ ਪਾਲਣਾ ਸੂਚਕ

### ਇਸ ਮਿਆਰ ਦਾ ਮੁਲਾਂਕਣ ਕਰਨ ਵੇਲੇ ਕਮਿਸ਼ਨ ਕੀ ਦੇਖੇਗਾ?

ਸੰਸਥਾਵਾਂ ਸੁਭਾਵਿਕ ਤੌਰ 'ਤੇ ਕਾਨੂੰਨ ਪਾਲਣਾ ਕਰ ਰਹੀਆ ਹੋਣਗੀਆਂ ਜੇਕਰ ਉਹ ਇਸ ਤਰੀਕੇ ਨਾਲ ਇਹ ਦਸਤਾਵੇਜ਼ ਤਿਆਰ ਕਰਦੇ ਹਨ ਅਤੇ ਇਨ੍ਹਾਂ ਕਾਰਵਾਈਆਂ ਨੂੰ ਕਰਦੇ ਹਨ ਜੋ ਉਸ ਸੰਸਥਾ ਨੂੰ ਇਸ ਮਿਆਰ ਨੂੰ ਹਾਸਿਲ ਕਰਨ ਵਿੱਚ ਮੱਦਦ ਕਰਦਾ ਹੈ।[21]

### ਦਸਤਾਵੇਜ਼

- ਰੁਜ਼ਗਾਰ ਸੰਬੰਧੀ ਇਸ਼ਤਿਹਾਰਾਂ ਵਿੱਚ ਬਾਲ ਸੁਰੱਖਿਆ ਅਤੇ ਤੰਦਰੁਸਤੀ ਲਈ ਸੰਸਥਾ ਦੀ ਵਚਨਬੱਧਤਾ ਸ਼ਾਮਲ ਹੈ। (6.1)
- ਅਹੁਦੇ ਦੇ ਵੇਰਵੇ (Position descriptions) ਬਾਲ ਸੁਰੱਖਿਆ ਅਤੇ ਤੰਦਰੁਸਤੀ ਦੇ ਸੰਬੰਧ ਵਿੱਚ ਉਸ ਭੂਮਿਕਾ ਦੀਆਂ ਲੋੜਾਂ, ਡਿਊਟੀਆਂ ਅਤੇ ਜ਼ਿੰਮੇਵਾਰੀਆਂ ਬਾਰੇ ਸਪੱਸ਼ਟ ਉਮੀਦਾਂ ਤੈਅ ਕਰਦੇ ਹਨ। (6.1)
- ਸੰਸਥਾਤਮਕ ਭਰਤੀ, ਮਨੁੱਖੀ ਵਸੀਲੇ ਅਤੇ ਵਲੰਟੀਅਰ ਕਰਨ ਬਾਰੇ ਨੀਤੀਆਂ ਵਰਣਨ ਕਰਦੀਆਂ ਹਨ:
  - ਭਰਤੀ ਕਰਨ ਦੇ ਤਰੀਕਿਆਂ ਦਾ ਜੋ ਸੰਸਥਾ ਨੂੰ ਉਹਨਾਂ ਲੋਕਾਂ ਦੀ ਨਿਯੁਕਤੀ ਕਰਨ ਵਿੱਚ ਸਹਾਇਤਾ ਕਰਦੀਆਂ ਹਨ ਜੋ ਬੱਚਿਆਂ ਨਾਲ ਕੰਮ ਕਰਨ ਲਈ ਢੁੱਕਵੇਂ ਹਨ (6.1)

[21] ਤੁਹਾਡੀ ਸੰਸਥਾ ਦੇ ਸੁਭਾਅ ਜਾਂ ਵਿਸ਼ੇਸ਼ਤਾਵਾਂ ਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਨੂੰ ਇਸ ਗਾਈਡ ਵਿੱਚ ਪ੍ਰਸਤਾਵਿਤ ਚੀਜ਼ਾਂ ਤੋਂ ਕੁੱਝ ਵੱਖਰਾ ਕਰਨ ਦੀ ਲੋੜ ਹੈ। ਜੇਕਰ ਅਜਿਹਾ ਹੈ, ਤਾਂ ਤੁਹਾਨੂੰ ਇਹ ਦੱਸਣਾ ਪੈ ਸਕਦਾ ਹੈ ਕਿ ਤੁਹਾਡੀ ਪਹੁੰਚ ਨਤੀਜਿਆਂ ਅਤੇ ਮਿਆਰਾਂ ਦੀਆਂ ਘੱਟੋ-ਘੱਟ ਲੋੜਾਂ ਦੀ ਕਿਵੇਂ ਪਾਲਣਾ ਕਰਦੀ ਹੈ। ਕੁੱਝ ਸੈਕਟਰਾਂ ਅਤੇ ਸੰਸਥਾਵਾਂ ਕੋਲ ਸਹਿ-ਰੈਗੂਲੇਟਰ ਹਨ ਜਿਨ੍ਹਾਂ ਨੇ ਵਿਸ਼ੇਸ਼ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹੋਏ ਹਨ। ਜਿੱਥੇ ਇਨ੍ਹਾਂ ਮਿਆਰਾਂ 'ਤੇ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ ਤੁਹਾਡੀ ਸੰਸਥਾ 'ਤੇ ਲਾਗੂ ਹੁੰਦੇ ਹਨ, ਅਤੇ ਇਸ ਗਾਈਡ ਤੋਂ ਵੱਖਰੀ ਹੈ, ਤੁਹਾਡੀ ਸੰਸਥਾ ਨੂੰ ਉਸ ਸੈਕਟਰ ਵਿੱਚ ਆਪਣੇ ਕੰਮਕਾਜ ਲਈ ਉਸ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

- ਇੰਟਰਵਿਊ, ਰੈਫ਼ਰੀ ਜਾਂਚ, ਵਰਕਿੰਗ ਵਿਦ ਚਿਲਡਰਨ ਚੈੱਕ ਅਤੇ ਹੋਰ ਰਜਿਸਟਰੇਸ਼ਨ ਜਾਂ ਪਿਛੋਕੜ ਦੀ ਜਾਂਚ ਸਮੇਤ ਰੁਜ਼ਗਾਰ ਨਿਯੁਕਤੀ ਤੋਂ ਪਹਿਲਾਂ ਸਕ੍ਰੀਨਿੰਗ ਕਰਨ ਦੇ ਤਰੀਕਿਆਂ ਦਾ (6.2)
  - ਸੰਸਥਾ ਦੇ ਬਾਲ ਸੁਰੱਖਿਅਤ ਕੰਮ ਕਰਨ ਦੇ ਤਰੀਕਿਆਂ ਬਾਰੇ ਇੰਡਕਸ਼ਨ (ਜਾਣ-ਪਹਿਚਾਣ) ਕਰਵਾਉਣ ਲਈ ਲੋੜਾਂ ਦਾ (6.3)
  - ਕਿ ਕਿਵੇਂ ਨਿਗਰਾਨੀ ਕੀਤੇ ਜਾਣਾ ਅਤੇ ਲੋਕ ਪ੍ਰਬੰਧਨ ਦੇ ਤਰੀਕੇ ਬੱਚਿਆਂ ਦੇ ਨਾਲ ਕੰਮ ਕਰਨ ਲਈ ਕਿਸੇ ਵਿਅਕਤੀ ਦੇ ਢੁੱਕਵੇਂਪਨ ਲਈ ਨਿਰੰਤਰ ਹੁੰਦੇ ਮੁਲਾਂਕਣ ਦਾ ਸਮਰਥਨ ਕਰਦੇ ਹਨ। (6.4)
- ਸਟਾਫ਼ ਅਤੇ ਵਾਲੰਟੀਅਰਾਂ ਲਈ ਇੰਡਕਸ਼ਨ ਦਸਤਾਵੇਜ਼ਾਂ ਵਿੱਚ ਸ਼ਾਮਲ ਹਨ:
  - ਆਚਾਰ-ਸੰਹਿਤਾ (Code of Conduct)
  - ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ (Child Safety and Wellbeing Policy)
  - ਸੰਸਥਾ ਦੇ ਬਾਲ ਸੁਰੱਖਿਅਤ ਕੰਮ ਕਰਨ ਦੇ ਤਰੀਕਿਆਂ ਅਤੇ ਸ਼ਿਕਾਇਤਾਂ ਦੀ ਪ੍ਰਕਿਰਿਆ ਦੇ ਨਾਲ-ਨਾਲ ਰਿਪੋਰਟਿੰਗ ਕਰਨ, ਰਿਕਾਰਡ ਰੱਖਣ ਅਤੇ ਜਾਣਕਾਰੀ ਸਾਂਝੀ ਕਰਨ ਦੀਆਂ ਕਾਨੂੰਨੀ ਜ਼ਿੰਮੇਵਾਰੀਆਂ ਬਾਰੇ ਜਾਣਕਾਰੀ। (6.3 ਅਤੇ 8.1 ਦੇ ਲਿੰਕ)

### ਕਾਰਵਾਈਆਂ

- ਨਵੇਂ ਸਟਾਫ਼ ਅਤੇ ਵਾਲੰਟੀਅਰਾਂ ਦੀ ਭਰਤੀ ਤੋਂ ਪਹਿਲਾਂ ਹਰ ਭੂਮਿਕਾ ਦੀਆਂ ਬਾਲ ਸੁਰੱਖਿਆ ਅਤੇ ਤੰਦਰੁਸਤੀ ਦੀਆਂ ਲੋੜਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ। ਇਨ੍ਹਾਂ ਵਿੱਚ ਸ਼ਾਮਲ ਹਨ:
  - ਲੋੜੀਂਦੀਆਂ ਯੋਗਤਾਵਾਂ, ਤਜ਼ਰਬਾ ਅਤੇ ਗੁਣ
  - ਬੱਚਿਆਂ ਦੇ ਨਾਲ ਡਿਊਟੀਆਂ ਅਤੇ ਜ਼ਿੰਮੇਵਾਰੀਆਂ
  - ਸਕ੍ਰੀਨਿੰਗ, ਸਿਖਲਾਈ ਅਤੇ ਨਿਗਰਾਨੀ ਲੋੜਾਂ ਸਮੇਤ ਕਿਸੇ ਵੀ ਬੱਚੇ ਨਾਲ ਸ਼ੋਸ਼ਣ ਜਾਂ ਨੁਕਸਾਨ ਦੇ ਜ਼ੋਖਮਾਂ ਨਾਲ ਨਜਿੱਠਣ ਲਈ ਲੋੜੀਂਦੇ ਉਪਾਅ। (6.1)
- ਭਰਤੀ ਕਰਨ ਵਾਲੇ ਸਟਾਫ਼ ਨੂੰ ਭਰਤੀ ਪ੍ਰਕਿਰਿਆ ਵਿੱਚ ਬੱਚਿਆਂ ਦੀ ਸੁਰੱਖਿਆ ਨੂੰ ਤਰਜੀਹ ਦੇਣ ਬਾਰੇ ਜਾਣਕਾਰੀ ਅਤੇ ਮਾਰਗਦਰਸ਼ਨ ਪ੍ਰਦਾਨ ਕੀਤਾ ਜਾਂਦਾ ਹੈ, ਜਿਸ ਵਿੱਚ ਅਰਜ਼ੀ, ਇੰਟਰਵਿਊ ਅਤੇ ਸਕ੍ਰੀਨਿੰਗ ਪ੍ਰਕਿਰਿਆ ਦੁਆਰਾ ਉਠਾਈਆਂ ਗਈਆਂ ਕਿਸੇ ਵੀ ਬਾਲ ਸੁਰੱਖਿਆ ਸੰਬੰਧੀ ਚਿੰਤਾਵਾਂ ਦੀ ਪਛਾਣ ਅਤੇ ਪ੍ਰਬੰਧਨ ਕਰਨਾ ਸ਼ਾਮਲ ਹੈ। (6.1)
- ਭਰਤੀ ਪ੍ਰਕਿਰਿਆਵਾਂ ਵਿੱਚ ਸ਼ਾਮਲ ਹਨ:
  - ਬੱਚਿਆਂ ਨਾਲ ਕੰਮ ਕਰਨ ਲਈ ਢੁੱਕਵੇਂਪਨ ਨੂੰ ਸਥਾਪਤ ਕਰਨ ਲਈ ਮੁੱਲ-ਆਧਾਰਿਤ ਇੰਟਰਵਿਊ ਸਵਾਲਾਂ ਦੀ ਇੱਕ ਲੜੀ
  - ਰੁਜ਼ਗਾਰ ਨਿਯੁਕਤੀ ਤੋਂ ਪਹਿਲਾਂ ਸਕ੍ਰੀਨਿੰਗ ਕੰਮ ਕਰਨ ਦੇ ਤਰੀਕਿਆਂ ਸਮੇਤ ਰੈਫ਼ਰੀ ਜਾਂਚ, ਵਰਕਿੰਗ ਵਿਦ ਚਿਲਡਰਨ ਚੈੱਕ ਅਤੇ ਹੋਰ ਰਜਿਸਟਰੇਸ਼ਨ ਜਾਂ ਪਿਛੋਕੜ ਦੀ ਜਾਂਚ
  - ਤਸਦੀਕ ਕਰਨੀ ਕਿ ਲੋੜੀਂਦੀਆਂ ਯੋਗਤਾਵਾਂ, ਰਜਿਸਟ੍ਰੇਸ਼ਨਾਂ ਅਤੇ ਵਰਕਿੰਗ ਵਿਦ ਚਿਲਡਰਨ ਚੈੱਕ ਵੈਧ ਅਤੇ ਅੱਪ-ਟੂ-ਡੇਟ ਹਨ
  - ਭਰਤੀ ਪ੍ਰਕਿਰਿਆ ਦਾ ਰਿਕਾਰਡ ਰੱਖਣਾ। (6.1)
- ਨਿਗਰਾਨੀ ਅਤੇ ਲੋਕ ਪ੍ਰਬੰਧਨ ਵਿੱਚ ਇਹ ਜਾਂਚ ਕਰਨ ਲਈ ਨਿਯਮਤ ਸਮੀਖਿਆਵਾਂ ਸ਼ਾਮਲ ਹੁੰਦੀਆਂ ਹਨ ਕਿ ਕੀ ਸਟਾਫ਼ ਆਚਾਰ-ਸੰਹਿਤਾ ਅਤੇ ਹੋਰ ਬਾਲ ਸੁਰੱਖਿਅਤ ਨੀਤੀਆਂ ਦੀ ਪਾਲਣਾ ਕਰ ਰਿਹਾ ਹੈ ਜਾਂ ਨਹੀਂ। (6.4)

- ਸਟਾਫ਼ ਜਾਂ ਵਾਲੰਟੀਅਰਾਂ ਦਾ ਪ੍ਰਬੰਧਨ ਕਰਨ ਵੇਲੇ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਮੈਨੇਜਰਾਂ ਨੂੰ ਮਾਰਗਦਰਸ਼ਨ ਪ੍ਰਦਾਨ ਕੀਤਾ ਜਾਂਦਾ ਹੈ, ਜਿਨ੍ਹਾਂ ਦਾ ਵਿਵਹਾਰ ਬਾਲ ਸੁਰੱਖਿਆ ਸੰਬੰਧੀ ਚਿੰਤਾਵਾਂ ਪੈਦਾ ਕਰਦਾ ਹੈ। (6.4)
- ਯੋਗਤਾਵਾਂ, ਵਰਕਿੰਗ ਵਿਦ ਚਿਲਡਰਨ ਚੈੱਕ ਅਤੇ ਹੋਰ ਰਜਿਸਟ੍ਰੇਸ਼ਨ ਜਾਂ ਨਿਰੰਤਰ ਜਾਰੀ ਸਕ੍ਰੀਨਿੰਗ ਜਾਂਚਾਂ ਦੀ ਨਿਯਮਿਤ ਤੌਰ 'ਤੇ ਆਈਆਂ ਤਬਦੀਲੀਆਂ ਲਈ ਸਮੀਖਿਆ ਕੀਤੀ ਜਾਂਦੀ ਹੈ ਅਤੇ ਇਹ ਕਿ ਉਹ ਅਜੇ ਵੀ ਵੈਧ ਹਨ। ਜਦੋਂ ਕਿਸੇ ਵਿਅਕਤੀ ਦੀ ਯੋਗਤਾ, ਵਰਕਿੰਗ ਵਿਦ ਚਿਲਡਰਨ ਚੈੱਕ ਜਾਂ ਹੋਰ ਰਜਿਸਟ੍ਰੇਸ਼ਨ ਜਾਂ ਨਿਰੰਤਰ ਚੱਲ ਰਹੀ ਸਕ੍ਰੀਨਿੰਗ ਜਾਂਚ ਹੁਣ ਵੈਧ ਨਹੀਂ ਹੁੰਦੀ ਹੈ ਤਾਂ ਬੱਚਿਆਂ ਲਈ ਜ਼ੋਖਮਾਂ ਦਾ ਪ੍ਰਬੰਧਨ ਕਰਨ ਲਈ ਕਾਰਵਾਈ ਕੀਤੀ ਜਾਂਦੀ ਹੈ। (6.2)
- ਸਟਾਫ਼ ਅਤੇ ਵਲੰਟੀਅਰਾਂ ਨੂੰ ਬਾਲ ਸੁਰੱਖਿਆ ਅਤੇ ਤੰਦਰੁਸਤੀ ਦੇ ਸੰਬੰਧ ਵਿੱਚ ਹਰੇਕ ਭੂਮਿਕਾ ਦੀਆਂ ਲੋੜਾਂ, ਡਿਊਟੀਆਂ, ਜ਼ੋਖਮਾਂ ਅਤੇ ਜ਼ਿੰਮੇਵਾਰੀਆਂ ਦੇ ਅਨੁਕੂਲ ਇੱਕ ਇੰਡਕਸ਼ਨ ਪ੍ਰਾਪਤ ਹੁੰਦੀ ਹੈ। ਇੰਡਕਸ਼ਨ ਵਿੱਚ ਸੰਸਥਾ ਦੇ ਬਾਲ ਸੁਰੱਖਿਆ ਤਰੀਕਿਆਂ ਅਤੇ ਸ਼ਿਕਾਇਤਾਂ ਦੀ ਪ੍ਰਕਿਰਿਆ ਦੇ ਨਾਲ-ਨਾਲ ਰਿਪੋਰਟਿੰਗ, ਰਿਕਾਰਡ ਰੱਖਣ ਅਤੇ ਜਾਣਕਾਰੀ ਸਾਂਝੀ ਕਰਨ ਦੀਆਂ ਕਾਨੂੰਨੀ ਜ਼ਿੰਮੇਵਾਰੀਆਂ ਸ਼ਾਮਲ ਹੁੰਦੀਆਂ ਹਨ। (6.3)

# ਮਿਆਰ 7: ਸ਼ਿਕਾਇਤਾਂ ਅਤੇ ਚਿੰਤਾਵਾਂ ਲਈ ਪ੍ਰਕਿਰਿਆਵਾਂ ਬਾਲ-ਕੇਂਦਰਿਤ ਹੁੰਦੀਆਂ ਹਨ

**ਬਾਲ ਸੁਰੱਖਿਆ ਮਿਆਰ 7 ਦੀ ਪਾਲਣਾ ਕਰਦੇ ਹੋਏ, ਇੱਕ ਸੰਸਥਾ ਦਾ, ਘੱਟੋ-ਘੱਟ, ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ:**

7.1 ਸੰਸਥਾ ਕੋਲ ਪਹੁੰਚਯੋਗ, ਬਾਲ-ਕੇਂਦਰਿਤ ਸ਼ਿਕਾਇਤ ਪ੍ਰਬੰਧਨ ਨੀਤੀ ਹੈ ਜੋ ਸਪੱਸ਼ਟ ਤੌਰ 'ਤੇ ਲੀਡਰਸ਼ਿਪ, ਸਟਾਫ਼ ਅਤੇ ਵਲੰਟੀਅਰਾਂ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ, ਵੱਖ-ਵੱਖ ਕਿਸਮਾਂ ਦੀਆਂ ਸ਼ਿਕਾਇਤਾਂ ਨਾਲ ਨਜਿੱਠਣ ਲਈ ਪਹੁੰਚ, ਸੰਬੰਧਿਤ ਨੀਤੀਆਂ ਜਾਂ ਆਚਾਰ-ਸੰਹਿਤਾ ਦੀ ਉਲੰਘਣਾ ਅਤੇ ਕਾਰਵਾਈ ਕਰਨ ਅਤੇ ਰਿਪੋਰਟ ਕਰਨ ਦੀਆਂ ਕਾਨੂੰਨੀ ਜ਼ਿੰਮੇਵਾਰੀਆਂ ਦੀ ਰੂਪਰੇਖਾ ਦਿੰਦੀ ਹੈ।

7.2 ਪ੍ਰਭਾਵਸ਼ਾਲੀ ਸ਼ਿਕਾਇਤ ਨਿਪਟਾਰਾ ਪ੍ਰਕਿਰਿਆਵਾਂ ਬੱਚਿਆਂ ਅਤੇ ਯੁਵਾਵਾਂ, ਪਰਿਵਾਰਾਂ, ਸਟਾਫ਼ ਅਤੇ ਵਾਲੰਟੀਅਰਾਂ ਦੁਆਰਾ ਸਮਝੀਆਂ ਜਾਂਦੀਆਂ ਹਨ, ਅਤੇ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਹਨ।

7.3 ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ ਅਤੇ ਤੁਰੰਤ ਅਤੇ ਚੰਗੀ ਤਰ੍ਹਾਂ ਜਵਾਬ ਦਿੱਤਾ ਜਾਂਦਾ ਹੈ।

7.4 ਸੰਸਥਾ ਕੋਲ ਅਜਿਹੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਲਾਗੂ ਹਨ ਜੋ ਸੰਬੰਧਿਤ ਅਥਾਰਟੀਆਂ ਨੂੰ ਸ਼ਿਕਾਇਤਾਂ ਅਤੇ ਚਿੰਤਾਵਾਂ ਦੀ ਰਿਪੋਰਟਿੰਗ ਦੇ ਮਾਮਲੇ ਨੂੰ ਹੱਲ ਕਰਦੀਆਂ ਹਨ, ਭਾਵੇਂ ਕਾਨੂੰਨ ਮੁਤਾਬਕ ਰਿਪੋਰਟਿੰਗ ਕਰਨ ਦੀ ਲੋੜ ਹੈ ਜਾਂ ਨਹੀਂ, ਅਤੇ ਇਹ ਕਾਨੂੰਨ ਲਾਗੂਕਰਤਾ ਨਾਲ ਸਹਿਯੋਗ ਕਰਦੀਆਂ ਹਨ।

7.5 ਰਿਪੋਰਟਿੰਗ, ਗੁਪਤਤਾ ਅਤੇ ਰੁਜ਼ਗਾਰ ਕਾਨੂੰਨ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕੀਤਾ ਜਾਂਦਾ ਹੈ।

## ਮੁੱਖ ਨੁਕਤੇ

- ਇੱਕ ਬਾਲ-ਕੇਂਦਰਿਤ ਸ਼ਿਕਾਇਤ ਨਿਪਟਾਰਾ ਪ੍ਰਕਿਰਿਆ ਲਈ ਸੰਸਥਾਵਾਂ ਕੋਲ ਸ਼ਿਕਾਇਤਾਂ ਲਈ ਸਕਾਰਾਤਮਕ ਸੱਭਿਆਚਾਰ ਹੋਣਾ ਚਾਹੀਦਾ ਹੈ। ਇਸਦਾ ਮਤਲਬ ਹੈ ਕਿ ਤੁਹਾਡੀ ਸੰਸਥਾ ਚਿੰਤਾਵਾਂ ਦੀ ਰਿਪੋਰਟਿੰਗ ਨੂੰ ਉਤਸ਼ਾਹਿਤ ਕਰਦੀ ਹੈ ਅਤੇ ਉਨ੍ਹਾਂ ਦਾ ਸਵਾਗਤ ਕਰਦੀ ਹੈ, ਸ਼ਿਕਾਇਤਾਂ ਪ੍ਰਤੀ ਤੁਰੰਤ, ਚੰਗੀ ਤਰ੍ਹਾਂ ਅਤੇ ਨਿਰਪੱਖਤਾ ਨਾਲ ਜਵਾਬੀ ਕਾਰਵਾਈ ਕਰਦੀ ਹੈ, ਅਤੇ ਜ਼ੋਖਮ ਵਾਲੇ ਬੱਚਿਆਂ ਦੀ ਸੁਰੱਖਿਆ ਲਈ ਤੁਰੰਤ ਕਾਰਵਾਈ ਕਰਦੀ ਹੈ।
- ਤੁਹਾਡੀ ਸੰਸਥਾ ਦੀ ਸ਼ਿਕਾਇਤ ਨਿਪਟਾਰਾ ਨੀਤੀ ਨੂੰ ਬਾਲਗਾਂ ਦੇ ਨਾਲ-ਨਾਲ ਬੱਚਿਆਂ ਲਈ ਸ਼ਿਕਾਇਤ ਕਰਨ ਜਾਂ ਬੱਚਿਆਂ ਦੀ ਸੁਰੱਖਿਆ ਬਾਰੇ ਚਿੰਤਾ ਕਰਨ ਦੀ ਪ੍ਰਕਿਰਿਆ ਦੀ ਰੂਪਰੇਖਾ ਤਿਆਰ ਕਰਨੀ ਚਾਹੀਦੀ ਹੈ। ਬਾਲਗਾਂ ਅਤੇ ਬੱਚਿਆਂ ਲਈ ਸ਼ਿਕਾਇਤ ਦੀ ਪ੍ਰਕਿਰਿਆ ਵੱਖੋ-ਵੱਖਰੀ ਹੋ ਸਕਦੀ ਹੈ।
- ਸ਼ਿਕਾਇਤ ਨਿਪਟਾਰਾ ਨੀਤੀ ਵਿੱਚ ਬੱਚਿਆਂ ਦੇ ਬਾਲਗਾਂ ਅਤੇ ਦੂਜੇ ਬੱਚਿਆਂ ਦੁਆਰਾ ਕਥਿਤ ਸ਼ੋਸ਼ਣ ਅਤੇ ਨੁਕਸਾਨ ਨੂੰ ਕਵਰ ਕਰਨਾ ਚਾਹੀਦਾ ਹੈ।
- ਸ਼ਿਕਾਇਤ ਨਿਪਟਾਰਾ ਨੀਤੀ ਨੂੰ ਵੱਖ-ਵੱਖ ਕਿਸਮਾਂ ਦੀਆਂ ਸ਼ਿਕਾਇਤਾਂ ਜਾਂ ਵਿਵਹਾਰ ਦੀ ਰੂਪਰੇਖਾ ਦੱਸਣੀ ਚਾਹੀਦੀ ਹੈ ਜਿਨ੍ਹਾਂ ਦੀ ਰਿਪੋਰਟ ਕੀਤੀ ਜਾਣੀ ਚਾਹੀਦੀ ਹੈ ਅਤੇ ਲਾਜ਼ਮੀ ਰਿਪੋਰਟਿੰਗ ਕਾਨੂੰਨੀ ਜ਼ਿੰਮੇਵਾਰੀਆਂ ਸਮੇਤ, ਕੀ ਰਿਪੋਰਟ ਕੀਤਾ ਜਾਣਾ ਲਾਜ਼ਮੀ ਹੈ ਬਾਰੇ ਸਪੱਸ਼ਟ ਮਾਰਗਦਰਸ਼ਨ ਦੇਣਾ ਚਾਹੀਦਾ ਹੈ। ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਰਿਪੋਰਟਾਂ ਕਿਸ ਨੂੰ ਦਿੱਤੀਆਂ ਜਾ ਸਕਦੀਆਂ ਹਨ।
- ਤੁਹਾਡੀ ਸੰਸਥਾ ਦੀ ਸ਼ਿਕਾਇਤ ਨਿਪਟਾਰਾ ਨੀਤੀ ਅਤੇ ਪ੍ਰਕਿਰਿਆਵਾਂ ਲਾਜ਼ਮੀ ਤੌਰ 'ਤੇ ਸਟਾਫ਼ ਅਤੇ ਵਾਲੰਟੀਅਰਾਂ, ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਆਸਾਨੀ ਨਾਲ ਪਹੁੰਚਯੋਗ ਹੋਣੀਆਂ ਚਾਹੀਦੀਆਂ ਹਨ। ਤੁਸੀਂ ਇੱਕ ਸਟੈਂਡ-ਅਲੋਨ ਨੀਤੀ ਜਾਂ ਪ੍ਰਕਿਰਿਆ ਵਿਕਸਿਤ ਕਰਨ ਦੀ ਚੋਣ ਕਰ ਸਕਦੇ ਹੋ ਜੋ ਬੱਚਿਆਂ ਲਈ ਲਿਖੀ ਗਈ ਹੈ, ਅਤੇ ਉਹਨਾਂ ਤੱਕ ਪਹੁੰਚਯੋਗ ਹੈ। ਇਹ ਇੱਕ ਸਧਾਰਨ ਫਲੋਚਾਰਟ ਜਾਂ ਪੋਸਟਰ ਹੋ ਸਕਦਾ ਹੈ ਜੋ ਬੱਚਿਆਂ ਨੂੰ ਇਸ ਬਾਰੇ

ਸਪੱਸ਼ਟ ਜਾਣਕਾਰੀ ਪ੍ਰਦਾਨ ਕਰਦਾ ਹੈ ਕਿ ਜੇਕਰ ਉਹਨਾਂ ਨੂੰ ਕੋਈ ਸ਼ਿਕਾਇਤ ਜਾਂ ਚਿੰਤਾ ਹੈ ਤਾਂ ਉਹ ਕੀ ਕਰ ਸਕਦੇ ਹਨ। ਤੁਸੀਂ ਪਰਿਵਾਰਾਂ ਲਈ ਵੱਖਰੀ ਜਾਣਕਾਰੀ ਬਣਾਉਣ ਦੀ ਵੀ ਚੋਣ ਕਰ ਸਕਦੇ ਹੋ।

- ਸ਼ਿਕਾਇਤਾਂ ਅਤੇ ਸੁਰੱਖਿਆ ਸੰਬੰਧੀ ਚਿੰਤਾਵਾਂ ਜਾਂ ਸ਼ੋਸ਼ਣ ਦਾ ਖੁਲਾਸਾ ਕਰਨ ਵਾਲੇ ਬੱਚਿਆਂ ਨਾਲ ਸੰਵੇਦਨਸ਼ੀਲਤਾ ਨਾਲ ਪੇਸ਼ ਆਉਣਾ ਚਾਹੀਦਾ ਹੈ ਅਤੇ ਸਹਾਇਤਾ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਸਟਾਫ਼ ਅਤੇ ਵਾਲੰਟੀਅਰਾਂ ਲਈ ਮਾਰਗਦਰਸ਼ਨ ਉਪਲਬਧ ਹੋਣਾ ਚਾਹੀਦਾ ਹੈ ਤਾਂ ਜੋ ਉਹ ਜਾਣ ਸਕਣ ਕਿ ਇਹ ਕਿਵੇਂ ਕਰਨਾ ਹੈ।
- ਇੱਕ ਵਾਰ ਸ਼ਿਕਾਇਤ ਜਾਂ ਸੁਰੱਖਿਆ ਸੰਬੰਧੀ ਚਿੰਤਾ ਪੈਦਾ ਹੋਣ 'ਤੇ ਬੱਚਿਆਂ ਦੀ ਸੁਰੱਖਿਆ ਨੂੰ ਤਰਜੀਹ ਦੇਣ ਲਈ ਕਾਰਵਾਈ ਕਰਨ ਉੱਪਰ ਸੰਸਥਾ ਦਾ ਧਿਆਨ ਹੋਣਾ ਚਾਹੀਦਾ ਹੈ। ਕਿਸੇ ਵੀ ਫੌਰੀ ਜ਼ੋਖਮਾਂ ਦਾ ਮੁਲਾਂਕਣ ਕਰਨਾ ਮਹੱਤਵਪੂਰਨ ਹੈ ਤਾਂ ਜੋ ਇਹ ਤੁਹਾਡੀ ਸੰਸਥਾ ਦੁਆਰਾ ਚੁੱਕੇ ਜਾਣ ਵਾਲੇ ਅਗਲੇ ਕਦਮਾਂ ਦੀ ਅਗਵਾਈ ਕਰ ਸਕਣ।
- ਤੁਹਾਡੀ ਸ਼ਿਕਾਇਤ ਨਿਪਟਾਰਾ ਨੀਤੀ ਨੂੰ ਤੁਹਾਡੇ ਸੰਸਥਾ ਦੇ ਅੰਦਰ ਅੰਦਰੂਨੀ ਤੌਰ 'ਤੇ ਅਤੇ ਬਾਹਰੀ ਅਥਾਰਟੀਆਂ ਨੂੰ ਖੁਲਾਸੇ, ਸ਼ਿਕਾਇਤਾਂ ਅਤੇ ਸੁਰੱਖਿਆ ਚਿੰਤਾਵਾਂ ਦੀ ਰਿਪੋਰਟ ਕਰਨ ਦੀ ਪ੍ਰਕਿਰਿਆ ਨੂੰ ਸੰਬੋਧਿਤ ਕਰਨਾ ਲਾਜ਼ਮੀ ਹੈ।
- ਤੁਹਾਡੀ ਸ਼ਿਕਾਇਤ ਨਿਪਟਾਰਾ ਨੀਤੀ ਨੂੰ ਤੁਹਾਡੀ ਸੰਸਥਾ ਨੂੰ ਸ਼ਿਕਾਇਤਾਂ ਦੀ ਜਾਂਚ ਕਰਨ ਵਿੱਚ ਸਹਾਇਤਾ ਕਰਨੀ ਚਾਹੀਦੀ ਹੈ ਅਤੇ ਇਸ ਵਿੱਚ ਨਿਰੰਤਰ ਚੱਲ ਰਹੇ ਜ਼ੋਖਮ ਪ੍ਰਬੰਧਨ, ਨਿਰਪੱਖ ਅਤੇ ਪਾਰਦਰਸ਼ੀ ਪ੍ਰਕਿਰਿਆਵਾਂ ਅਤੇ ਹਿੱਤਾਂ ਦੇ ਟਕਰਾਅ ਨਾਲ ਨਜਿੱਠਣ ਕਰਨ ਬਾਰੇ ਮਾਰਗਦਰਸ਼ਨ ਸ਼ਾਮਲ ਕਰਨਾ ਚਾਹੀਦਾ ਹੈ।
- ਤੁਹਾਡੀ ਸੰਸਥਾ ਦਾ ਵਿਕਟੋਰੀਆ ਪੁਲਿਸ, ਚਾਈਲਡ ਪ੍ਰੋਟੈਕਸ਼ਨ, ਕਮਿਸ਼ਨ ਅਤੇ ਹੋਰ ਅਥਾਰਟੀਆਂ ਨਾਲ ਸਹਿਯੋਗ ਕਰਨਾ ਲਾਜ਼ਮੀ ਹੈ ਜਿਨ੍ਹਾਂ ਦੀ ਸ਼ਿਕਾਇਤਾਂ ਅਤੇ ਚਿੰਤਾਵਾਂ ਪ੍ਰਤੀ ਜਵਾਬੀ ਕਾਰਵਾਈ ਕਰਨ ਵਿੱਚ ਭੂਮਿਕਾ ਹੈ ਤਾਂ ਜੋ ਬੱਚਿਆਂ ਦੀ ਸੁਰੱਖਿਆ ਨੂੰ ਤਰਜੀਹ ਦਿੱਤੀ ਜਾ ਸਕੇ। ਉਹਨਾਂ ਨੂੰ ਜਾਂਚ-ਪੜਤਾਲ ਕਰਨ ਦੀ ਲੋੜ ਹੋ ਸਕਦੀ ਹੈ ਅਤੇ ਗਵਾਹਾਂ ਦੀ ਪਛਾਣ ਕਰਨ ਅਤੇ ਉਹਨਾਂ ਨਾਲ ਸੰਪਰਕ ਕਰਨ ਅਤੇ ਸਬੂਤ ਇਕੱਠੇ ਕਰਨ ਜਾਂ ਬਰਕਰਾਰ ਰੱਖਣ ਲਈ ਉਹਨਾਂ ਨੂੰ ਤੁਹਾਡੀ ਸੰਸਥਾ ਦੇ ਸਮਰਥਨ ਅਤੇ ਸਹਾਇਤਾ ਤੋਂ ਲਾਭ ਹੋਵੇਗਾ।
- ਕਿਸੇ ਸ਼ਿਕਾਇਤ ਜਾਂ ਸੁਰੱਖਿਆ ਚਿੰਤਾ ਨੂੰ ਸੁਲਝਾਉਣ ਦਾ ਇੱਕ ਮਹੱਤਵਪੂਰਨ ਹਿੱਸਾ ਸਪੱਸ਼ਟ ਨਤੀਜਾ ਪ੍ਰਾਪਤ ਕਰਨਾ ਹੈ। ਇਸਦਾ ਮਤਲਬ ਹੈ ਕਿ ਤੁਹਾਡੀ ਸੰਸਥਾ ਇਸ ਮੁੱਦੇ ਅਤੇ ਸਬੂਤ ਨੂੰ ਸਹੀ ਢੰਗ ਨਾਲ ਵਿਚਾਰਨ ਤੋਂ ਬਾਅਦ ਕੀ ਕਰਨਾ ਹੈ, ਇਸ ਬਾਰੇ ਫ਼ੈਸਲਾ ਲੈਂਦੀ ਹੈ, ਸੰਬੰਧਿਤ ਲੋਕਾਂ ਨੂੰ ਇਸ ਫ਼ੈਸਲੇ ਬਾਰੇ ਦੱਸਦੀ ਹੈ ਅਤੇ ਫਿਰ ਉਚਿਤ ਕਾਰਵਾਈ ਕਰਦੀ ਹੈ।
- ਸ਼ਿਕਾਇਤ ਪ੍ਰਕਿਰਿਆਵਾਂ ਲਈ ਗੁਪਤਤਾ ਮਹੱਤਵਪੂਰਨ ਹੈ। ਜਦੋਂ ਲੋਕ ਸ਼ਿਕਾਇਤ ਕਰਨਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਗੁਪਤਤਾ ਅਤੇ ਨਿੱਜਤਾ ਬਾਰੇ ਚਿੰਤਾਵਾਂ ਹੋ ਸਕਦੀਆਂ ਹਨ। ਉਹ ਗੁੰਮਨਾਮ ਰਹਿਣਾ ਚਾਹ ਸਕਦੇ ਹਨ, ਜਾਂ ਪੁਲਿਸ ਵਰਗੇ ਅਧਿਕਾਰੀਆਂ ਨਾਲ ਜਾਣਕਾਰੀ ਸਾਂਝੀ ਨਹੀਂ ਕਰਨਾ ਚਾਹੁੰਦੇ ਹੋ ਸਕਦੇ ਹਨ। ਕਈ ਵਾਰੀ ਗੁਪਤਤਾ ਨੂੰ ਬਰਕਰਾਰ ਨਹੀਂ ਰੱਖਿਆ ਜਾ ਸਕਦਾ ਹੈ, ਜਾਂ ਤਾਂ ਬੱਚਿਆਂ ਦੀ ਸੁਰੱਖਿਆ ਲਈ ਜਾਂ ਇਸ ਲਈ ਕਿ ਸ਼ਿਕਾਇਤ ਦੇ ਵਿਸ਼ੇ ਨਾਲ ਨਿਰਪੱਖ ਢੰਗ ਨਾਲ ਪੇਸ਼ ਆਇਆ ਜਾ ਸਕੇ। ਤੁਹਾਡੀ ਸ਼ਿਕਾਇਤ ਨਿਪਟਾਰਾ ਨੀਤੀ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਜਦੋਂ ਸ਼ਿਕਾਇਤ ਕੀਤੀ ਜਾਂਦੀ ਹੈ ਤਾਂ ਗੁਪਤਤਾ ਨਾਲ ਕਿਵੇਂ ਨਜਿੱਠਿਆ ਜਾਣਾ ਚਾਹੀਦਾ ਹੈ।
- ਨਿੱਜੀ ਜਾਣਕਾਰੀ ਜੋ ਕਿਸੇ ਬੱਚੇ ਜਾਂ ਕਿਸੇ ਸ਼ਿਕਾਇਤ ਨਾਲ ਜੁੜੇ ਕਿਸੇ ਹੋਰ ਵਿਅਕਤੀ ਦੀ ਸ਼ਨਾਖਤ ਕਰਦੀ ਹੈ, ਸੰਸਥਾ ਦੁਆਰਾ ਕੇਵਲ ਉਸ ਤਰੀਕੇ ਨਾਲ ਖੁਲਾਸਾ ਕੀਤੀ ਜਾਣੀ ਚਾਹੀਦੀ ਹੈ ਜਿਵੇਂ ਕਿ ਸੰਬੰਧਿਤ ਕਾਨੂੰਨਾਂ ਦੇ ਅਧੀਨ ਆਗਿਆ ਦਿੱਤੀ ਗਈ ਹੈ।
- ਤੁਹਾਡੀ ਸੰਸਥਾ ਦੀ ਸ਼ਿਕਾਇਤ ਨਿਪਟਾਰਾ ਨੀਤੀ ਅਤੇ ਪ੍ਰਕਿਰਿਆਵਾਂ ਨੂੰ ਲਾਜ਼ਮੀ ਤੌਰ 'ਤੇ ਤੁਹਾਡੇ ਸਟਾਫ਼ ਅਤੇ ਵਾਲੰਟੀਅਰਾਂ 'ਤੇ ਲਾਗੂ ਹੋਣ ਵਾਲੇ ਕਿਸੇ ਵੀ ਰੁਜ਼ਗਾਰ ਕਾਨੂੰਨ ਦੀਆਂ ਜ਼ਿੰਮੇਵਾਰੀਆਂ ਨਾਲ ਇਕਸਾਰ ਹੋਣਾ ਚਾਹੀਦਾ ਹੈ। ਤੁਹਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਰਮਚਾਰੀ ਦੇ ਚਾਲ-ਚਲਣ ਦੀ ਕੋਈ ਵੀ ਜਾਂਚ-ਪੜਤਾਲ ਪ੍ਰਕਿਰਿਆ ਅਨੁਸਾਰ ਨਿਰਪੱਖ ਹੈ।

## ਨਿਯਮ-ਕਾਨੂੰਨ ਪਾਲਣਾ ਸੂਚਕ

### ਇਸ ਮਿਆਰ ਦਾ ਮੁਲਾਂਕਣ ਕਰਨ ਵੇਲੇ ਕਮਿਸ਼ਨ ਕੀ ਦੇਖੇਗਾ?

ਸੰਸਥਾਵਾਂ ਸੁਭਾਵਿਕ ਤੌਰ 'ਤੇ ਕਾਨੂੰਨ ਪਾਲਣਾ ਕਰ ਰਹੀਆ ਹੋਣਗੀਆਂ ਜੇਕਰ ਉਹ ਇਸ ਤਰੀਕੇ ਨਾਲ ਇਹ ਦਸਤਾਵੇਜ਼ ਤਿਆਰ ਕਰਦੇ ਹਨ ਅਤੇ ਇਨ੍ਹਾਂ ਕਾਰਵਾਈਆਂ ਨੂੰ ਕਰਦੇ ਹਨ ਜੋ ਉਸ ਸੰਸਥਾ ਨੂੰ ਇਸ ਮਿਆਰ ਨੂੰ ਹਾਸਿਲ ਕਰਨ ਵਿੱਚ ਮੱਦਦ ਕਰਦਾ ਹੈ।[22]

### ਦਸਤਾਵੇਜ਼

- ਸ਼ਿਕਾਇਤ ਨਿਪਟਾਰਾ ਨੀਤੀ ਸਮਝਣ ਵਿੱਚ ਆਸਾਨ, ਸੱਭਿਆਚਾਰਕ ਤੌਰ 'ਤੇ ਸੁਰੱਖਿਅਤ, ਪਹੁੰਚਯੋਗ ਅਤੇ ਬਾਲ-ਕੇਂਦਰਿਤ ਹੈ। ਸ਼ਿਕਾਇਤ ਨਿਪਟਾਰਾ ਨੀਤੀ:
  - ਇਸ ਵਿੱਚ ਇਹ ਜਾਣਕਾਰੀ ਸ਼ਾਮਲ ਹੁੰਦੀ ਹੈ ਕਿ ਬਾਲਗ ਅਤੇ ਬੱਚੇ ਕਿਵੇਂ ਸ਼ਿਕਾਇਤ ਕਰ ਸਕਦੇ ਹਨ ਅਤੇ ਸੰਸਥਾ ਕਿਵੇਂ ਤੁਰੰਤ ਅਤੇ ਪੂਰੀ ਤਰ੍ਹਾਂ ਨਾਲ ਸ਼ਿਕਾਇਤਾਂ ਦਾ ਜਵਾਬੀ ਕਾਰਵਾਈ ਅਤੇ ਜਾਂਚ-ਪੜਤਾਲ ਕਰੇਗੀ (7.1, 7.2, 7.3)
  - ਇੱਕ ਸ਼ਿਕਾਇਤ ਪ੍ਰਕਿਰਿਆ ਬਣਾਉਂਦੀ ਹੈ ਜੋ ਬੱਚਿਆਂ, ਸਟਾਫ਼, ਵਾਲੰਟੀਅਰਾਂ, ਪਰਿਵਾਰਾਂ ਅਤੇ ਭਾਈਚਾਰਿਆਂ ਦੀ ਪੂਰੀ ਵਿਭਿੰਨਤਾ ਤੱਕ ਪਹੁੰਚਯੋਗ ਹੈ (7.1)
  - ਬਾਲਗਾਂ ਅਤੇ ਦੂਜੇ ਬੱਚਿਆਂ ਦੁਆਰਾ ਕਥਿਤ ਸ਼ੋਸ਼ਣ ਅਤੇ ਬੱਚਿਆਂ ਦੇ ਨੁਕਸਾਨ ਨੂੰ ਕਵਰ ਕਰਦੀ ਹੈ (7.1, 7.4)
  - ਸੰਸਥਾ ਦੇ ਆਚਾਰ-ਸਹਿੰਤਾ (ਕੋਡ ਆਫ ਕੰਡਕਟ) (7.1) ਦੀਆਂ ਉਲੰਘਣਾਵਾਂ ਨੂੰ ਕਵਰ ਕਰਦੀ ਹੈ
  - ਇਹ ਤੈਅ ਕਰਦੀ ਹੈ ਕਿ ਸ਼ਿਕਾਇਤ ਕਰਨ ਵਾਲਿਆਂ ਲਈ ਕੀ ਸਮਰਥਨ ਅਤੇ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ (7.1)
  - ਇਹ ਦੱਸਦੀ ਹੈ ਕਿ ਜਦੋਂ ਕੋਈ ਸ਼ਿਕਾਇਤ ਉਠਾਈ ਜਾਂਦੀ ਹੈ ਅਤੇ ਜਾਂਚ-ਪੜਤਾਲ ਚੱਲ ਰਹੀ ਹੁੰਦੀ ਹੈ ਤਾਂ ਬੱਚਿਆਂ ਦੇ ਜ਼ੋਖਮਾਂ ਦਾ ਪ੍ਰਬੰਧਨ ਕਿਵੇਂ ਕੀਤਾ ਜਾਵੇਗਾ (ਮਿਆਰ 9 ਦੇ ਲਿੰਕ)
  - ਰਿਕਾਰਡ ਰੱਖਣ ਦੀਆਂ ਕਾਨੂੰਨੀ ਜ਼ਿੰਮੇਵਾਰੀਆਂ ਨੂੰ ਕਵਰ ਕਰਦੀ ਹੈ (7.2 ਅਤੇ 2.6 ਦੇ ਲਿੰਕ)
  - ਗੁਪਤਤਾ ਅਤੇ ਰੁਜ਼ਗਾਰ ਕਾਨੂੰਨ ਦੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਸਮਰਥਨ ਕਰਦੀ ਹੈ। (7.5)
- ਦਸਤਾਵੇਜ਼, ਪ੍ਰਿੰਟ ਜਾਂ ਔਨਲਾਈਨ ਵਿੱਚ, ਸਟਾਫ਼, ਵਾਲੰਟੀਅਰਾਂ, ਬੱਚਿਆਂ, ਪਰਿਵਾਰਾਂ ਅਤੇ ਭਾਈਚਾਰਿਆਂ ਲਈ ਸ਼ਿਕਾਇਤਾਂ ਦੀ ਪ੍ਰਕਿਰਿਆ ਦਾ ਵਰਣਨ ਕਰਦੇ ਹਨ। (7.1, 7.2)
- ਨੀਤੀਆਂ ਅਤੇ ਪ੍ਰਕਿਰਿਆਵਾਂ ਵਿੱਚ ਇਹ ਜਾਣਕਾਰੀ ਸ਼ਾਮਲ ਹੁੰਦੀ ਹੈ ਕਿ ਸ਼ਿਕਾਇਤਾਂ ਕਦੋਂ ਅਧਿਕਾਰੀਆਂ ਨੂੰ ਰਿਪੋਰਟ ਕੀਤੀਆਂ ਜਾਣੀਆਂ ਚਾਹੀਦੀਆਂ ਹਨ, ਜਿਸ ਵਿੱਚ ਵਿਕਟੋਰੀਆ ਪੁਲਿਸ, ਬਾਲ ਸੁਰੱਖਿਆ ਅਤੇ ਬੱਚਿਆਂ ਅਤੇ ਯੁਵਾਵਾਂ ਲਈ ਕਮਿਸ਼ਨ ਸ਼ਾਮਲ ਹਨ। (7.5)
- ਅਨੁਸ਼ਾਸਨੀ ਨੀਤੀਆਂ ਸੰਸਥਾ ਨੂੰ ਸ਼ਿਕਾਇਤ ਕਰਨ 'ਤੇ ਕਾਰਵਾਈ ਕਰਨ ਲਈ ਸਮਰਥਨ ਕਰਦੀਆਂ ਹਨ। (7.1)

[22] ਤੁਹਾਡੀ ਸੰਸਥਾ ਦੇ ਸੁਭਾਅ ਜਾਂ ਵਿਸ਼ੇਸ਼ਤਾਵਾਂ ਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਨੂੰ ਇਸ ਗਾਈਡ ਵਿੱਚ ਪ੍ਰਸਤਾਵਿਤ ਚੀਜ਼ਾਂ ਤੋਂ ਕੁੱਝ ਵੱਖਰਾ ਕਰਨ ਦੀ ਲੋੜ ਹੈ। ਜੇਕਰ ਅਜਿਹਾ ਹੈ, ਤਾਂ ਤੁਹਾਨੂੰ ਇਹ ਦੱਸਣਾ ਪੈ ਸਕਦਾ ਹੈ ਕਿ ਤੁਹਾਡੀ ਪਹੁੰਚ ਨਤੀਜਿਆਂ ਅਤੇ ਮਿਆਰਾਂ ਦੀਆਂ ਘੱਟੋ-ਘੱਟ ਲੋੜਾਂ ਦੀ ਕਿਵੇਂ ਪਾਲਣਾ ਕਰਦੀ ਹੈ। ਕੁੱਝ ਸੈਕਟਰਾਂ ਅਤੇ ਸੰਸਥਾਵਾਂ ਕੋਲ ਸਹਿ-ਰੈਗੂਲੇਟਰ ਹਨ ਜਿਨ੍ਹਾਂ ਨੇ ਵਿਸ਼ੇਸ਼ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹੋਏ ਹਨ। ਜਿੱਥੇ ਇਨ੍ਹਾਂ ਮਿਆਰਾਂ 'ਤੇ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ ਤੁਹਾਡੀ ਸੰਸਥਾ 'ਤੇ ਲਾਗੂ ਹੁੰਦੇ ਹਨ, ਅਤੇ ਇਸ ਗਾਈਡ ਤੋਂ ਵੱਖਰੀ ਹੈ, ਤੁਹਾਡੀ ਸੰਸਥਾ ਨੂੰ ਉਸ ਸੈਕਟਰ ਵਿੱਚ ਆਪਣੇ ਕੰਮਕਾਜ ਲਈ ਉਸ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

## ਕਾਰਵਾਈਆਂ

- ਸੰਸਥਾ ਇਸ ਬਾਰੇ ਜਾਣਕਾਰੀ ਦਿੰਦੀ ਹੈ ਕਿ ਸ਼ਿਕਾਇਤ ਨੂੰ ਕਿਵੇਂ ਸੰਸਥਾ ਨਾਲ ਜੁੜੇ ਹਰ ਵਿਅਕਤੀ ਲਈ ਉਪਲਬਧ ਅਤੇ ਪਹੁੰਚਯੋਗ ਕਰਾਉਣਾ ਹੈ। (7.2, 7.4)
- ਸੰਸਥਾ ਸਟਾਫ਼ ਅਤੇ ਵਾਲੰਟੀਅਰਾਂ ਨੂੰ ਇਸ ਬਾਰੇ ਸਹਾਇਤਾ ਅਤੇ ਜਾਣਕਾਰੀ ਪ੍ਰਦਾਨ ਕਰਦੀ ਹੈ ਕਿ ਕੀ ਅਤੇ ਕਿਵੇਂ ਰਿਪੋਰਟ ਕਰਨੀ ਹੈ, ਜਿਸ ਵਿੱਚ ਸੰਸਥਾ ਤੋਂ ਬਾਹਰ ਦੇ ਅਧਿਕਾਰੀਆਂ ਨੂੰ ਰਿਪੋਰਟ ਕਰਨੀ ਵੀ ਸ਼ਾਮਲ ਹੈ। (7.1, 7.3, 7.4)
- ਸ਼ਿਕਾਇਤਾਂ ਨੂੰ ਗੰਭੀਰਤਾ ਨਾਲ ਲਿਆ ਜਾਂਦਾ ਹੈ, ਭਾਵ ਸੰਸਥਾ ਲਗਾਤਾਰ:
  - ਬੱਚਿਆਂ ਲਈ ਮੌਜੂਦ ਕਿਸੇ ਵੀ ਖ਼ਤਰੇ ਦੀ ਪਛਾਣ ਕਰਦੀ ਹੈ ਅਤੇ ਉਸ ਨਾਲ ਨਜਿੱਠਦੀ ਹੈ
  - ਸ਼ਿਕਾਇਤਾਂ ਦਾ ਤੁਰੰਤ ਅਤੇ ਚੰਗੀ ਤਰ੍ਹਾਂ ਜਵਾਬ ਦਿੰਦੀ ਹੈ
  - ਬੱਚਿਆਂ ਦੀ ਸੁਰੱਖਿਆ ਨੂੰ ਤਰਜੀਹ ਦਿੰਦੀ ਹੈ ਅਤੇ ਗੁਪਤਤਾ ਅਤੇ ਰੁਜ਼ਗਾਰ ਕਾਨੂੰਨ ਦੀਆਂ ਜ਼ਿੰਮੇਵਾਰੀਆਂ ਨੂੰ ਵੀ ਪੂਰਾ ਕਰਦੀ ਹੈ
  - ਸ਼ਿਕਾਇਤ ਪ੍ਰਕਿਰਿਆ ਵਿੱਚ ਸ਼ਾਮਲ ਹਰ ਵਿਅਕਤੀ ਦਾ ਸਮਰਥਨ ਕਰਦੀ ਹੈ
  - ਬੱਚਿਆਂ ਦੇ ਕਥਿਤ ਸ਼ੋਸ਼ਣ ਜਾਂ ਨੁਕਸਾਨ ਦੀਆਂ ਸ਼ਿਕਾਇਤਾਂ ਅਤੇ ਅਧਿਕਾਰੀਆਂ ਨੂੰ ਬਾਲ ਸੁਰੱਖਿਆ ਬਾਰੇ ਚਿੰਤਾਵਾਂ ਦੀ ਰਿਪੋਰਟ ਕਰਦੀ ਹੈ ਅਤੇ ਕਾਨੂੰਨ ਲਾਗੂ ਕਰਨ ਵਾਲੇ ਨਾਲ ਸਹਿਯੋਗ ਕਰਦੀ ਹੈ। (7.1, 7.3, 7.4, 7.5 ਅਤੇ ਮਿਆਰ 9 ਦੇ ਲਿੰਕ)
- ਸੰਸਥਾ ਨੂੰ ਕੀਤੀਆਂ ਗਈਆਂ ਸ਼ਿਕਾਇਤਾਂ ਦੇ ਰਿਕਾਰਡ ਰੱਖੇ ਜਾਂਦੇ ਹਨ, ਜਿਸ ਵਿੱਚ ਬੱਚਿਆਂ ਦੀ ਸੁਰੱਖਿਆ ਬਾਰੇ ਪੈਦਾ ਹੋਈਆਂ ਚਿੰਤਾਵਾਂ ਅਤੇ ਬੱਚਿਆਂ ਦੇ ਕਥਿਤ ਸ਼ੋਸ਼ਣ ਜਾਂ ਨੁਕਸਾਨ ਬਾਰੇ ਖੁਲਾਸੇ, ਅਤੇ ਜਵਾਬ ਦੇਣ ਲਈ ਕੀਤੀਆਂ ਗਈਆਂ ਕਾਰਵਾਈਆਂ ਸ਼ਾਮਲ ਹਨ। (7.3 ਅਤੇ 2.6 ਦੇ ਲਿੰਕ)
- ਸ਼ਿਕਾਇਤ ਨਿਪਟਾਰਾ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਡਿਜ਼ਾਈਨ ਕਰਨ ਅਤੇ ਸਮੀਖਿਆ ਕਰਨ ਵੇਲੇ ਬੱਚਿਆਂ, ਪਰਿਵਾਰਾਂ ਅਤੇ ਭਾਈਚਾਰਿਆਂ ਨਾਲ ਸਲਾਹ ਕੀਤੀ ਜਾਂਦੀ ਹੈ। (7.2 ਅਤੇ 4.3 ਦੇ ਲਿੰਕ)
- ਸੰਸਥਾ ਨਿਯਮਿਤ ਅੰਤਰਾਲਾਂ 'ਤੇ ਸ਼ਿਕਾਇਤ ਨਿਪਟਾਰਾ ਨੀਤੀਆਂ ਅਤੇ ਪ੍ਰਕਿਰਿਆਵਾਂ ਦੀ ਸਮੀਖਿਆ ਕਰਦੀ ਹੈ। (7.1 ਅਤੇ 10.1 ਦੇ ਲਿੰਕ)

# ਮਿਆਰ 8: ਸਟਾਫ਼ ਅਤੇ ਵਲੰਟੀਅਰ ਨਿਰੰਤਰ ਸਿੱਖਿਆ ਅਤੇ ਸਿਖਲਾਈ ਦੁਆਰਾ ਬੱਚਿਆਂ ਅਤੇ ਯੁਵਾਵਾਂ ਨੂੰ ਸੁਰੱਖਿਅਤ ਰੱਖਣ ਲਈ ਗਿਆਨ, ਹੁਨਰ ਅਤੇ ਜਾਗਰੂਕਤਾ ਨਾਲ ਲੈਸ ਹਨ

**ਬਾਲ ਸੁਰੱਖਿਆ ਮਿਆਰ 8 ਦੀ ਪਾਲਣਾ ਕਰਦੇ ਹੋਏ, ਇੱਕ ਸੰਸਥਾ ਦਾ, ਘੱਟੋ-ਘੱਟ, ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ:**

8.1 ਸਟਾਫ਼ ਅਤੇ ਵਾਲੰਟੀਅਰਾਂ ਨੂੰ ਸੰਸਥਾ ਦੀ ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਸਿਖਲਾਈ ਅਤੇ ਸਹਾਇਤਾ ਦਿੱਤੀ ਜਾਂਦੀ ਹੈ।

8.2 ਸਟਾਫ਼ ਅਤੇ ਵਾਲੰਟੀਅਰ ਬੱਚਿਆਂ ਦੇ ਨੁਕਸਾਨ ਦੇ ਸੰਕੇਤਾਂ ਦੀ ਪਛਾਣ ਕਰਨ ਲਈ ਸਿਖਲਾਈ ਅਤੇ ਜਾਣਕਾਰੀ ਪ੍ਰਾਪਤ ਕਰਦੇ ਹਨ, ਜਿਸ ਵਿੱਚ ਹੋਰ ਬੱਚਿਆਂ ਅਤੇ ਯੁਵਾਵਾਂ ਦੁਆਰਾ ਹੋਣ ਵਾਲੇ ਨੁਕਸਾਨ ਵੀ ਸ਼ਾਮਲ ਹਨ।

8.3 ਸਟਾਫ਼ ਅਤੇ ਵਾਲੰਟੀਅਰ ਬਾਲ ਸੁਰੱਖਿਆ ਅਤੇ ਤੰਦਰੁਸਤੀ ਦੇ ਮੁੱਦਿਆਂ ਦਾ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇਣ ਲਈ ਸਿਖਲਾਈ ਅਤੇ ਜਾਣਕਾਰੀ ਪ੍ਰਾਪਤ ਕਰਦੇ ਹਨ ਅਤੇ ਨੁਕਸਾਨ ਦਾ ਖੁਲਾਸਾ ਕਰਨ ਵਾਲੇ ਸਹਿਯੋਗੀਆਂ ਦੀ ਸਹਾਇਤਾ ਕਰਦੇ ਹਨ।

8.4 ਸਟਾਫ਼ ਅਤੇ ਵਲੰਟੀਅਰ ਬੱਚਿਆਂ ਅਤੇ ਯੁਵਾਵਾਂ ਲਈ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਮਾਹੌਲ ਬਣਾਉਣ ਬਾਰੇ ਸਿਖਲਾਈ ਅਤੇ ਜਾਣਕਾਰੀ ਪ੍ਰਾਪਤ ਕਰਦੇ ਹਨ।

## ਮੁੱਖ ਨੁਕਤੇ

- ਜਦੋਂ ਕਿਸੇ ਸੰਸਥਾ ਦੇ ਸਟਾਫ਼ ਅਤੇ ਵਾਲੰਟੀਅਰਾਂ ਨੂੰ ਸਹੀ ਢੰਗ ਨਾਲ ਜਾਣਕਾਰੀ ਦਿੱਤੀ ਜਾਂਦੀ ਹੈ, ਸਿਖਲਾਈ ਦਿੱਤੀ ਜਾਂਦੀ ਹੈ ਅਤੇ ਉਹਨਾਂ ਦਾ ਸਮਰਥਨ ਕੀਤਾ ਜਾਂਦਾ ਹੈ, ਤਾਂ ਉਹ ਸੰਸਥਾ ਦੇ ਬਾਲ ਸੁਰੱਖਿਅਤ ਮੁੱਲਾਂ ਨੂੰ ਬਰਕਰਾਰ ਰੱਖਣ ਦੀ ਜ਼ਿਆਦਾ ਸੰਭਾਵਨਾ ਰੱਖਦੇ ਹਨ ਅਤੇ ਉਹਨਾਂ ਦੇ ਮੈਨੇਜਰ ਜਾਂ ਬਾਲ ਸੁਰੱਖਿਆ ਵਿਅਕਤੀ ਨੂੰ ਚਿੰਤਾਵਾਂ ਦੀ ਰਿਪੋਰਟ ਕਰਨ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ।
- ਸਿਰਫ਼ ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ ਹੋਣਾ ਬੱਚਿਆਂ ਨੂੰ ਸ਼ੋਸ਼ਣ ਅਤੇ ਨੁਕਸਾਨ ਤੋਂ ਨਹੀਂ ਬਚਾਉਂਦਾ ਹੈ। ਸੰਸਥਾਵਾਂ ਨੂੰ ਬੱਚਿਆਂ ਨੂੰ ਸੁਰੱਖਿਅਤ ਰੱਖਣ ਲਈ ਆਪਣੇ ਸਟਾਫ਼ ਅਤੇ ਵਾਲੰਟੀਅਰਾਂ ਨੂੰ ਗਿਆਨ ਅਤੇ ਹੁਨਰ ਨਾਲ ਲੈਸ ਕਰਨ ਦੀ ਲੋੜ ਹੁੰਦੀ ਹੈ। ਇਸਦਾ ਮਤਲਬ ਸਟਾਫ਼ ਅਤੇ ਵਾਲੰਟੀਅਰਾਂ ਨੂੰ ਨਿਰੰਤਰ ਸਿੱਖਿਆ ਅਤੇ ਸਿਖਲਾਈ ਪ੍ਰਦਾਨ ਕਰਨਾ ਹੈ ਤਾਂ ਜੋ ਉਹ ਆਪਣੀਆਂ ਭੂਮਿਕਾਵਾਂ ਨਿਭਾਉਣ ਵੇਲੇ ਇਸਨੂੰ ਲਾਗੂ ਕਰ ਸਕਣ।
- ਇੱਕ ਬਾਲ ਸੁਰੱਖਿਅਤ ਸੰਸਥਾ ਆਪਣੇ ਸਟਾਫ਼ ਅਤੇ ਵਾਲੰਟੀਅਰਾਂ ਨੂੰ ਉਹਨਾਂ ਸੰਕੇਤਾਂ ਦੀ ਪਛਾਣ ਕਰਨ ਵਿੱਚ ਸਹਾਇਤਾ ਕਰਦੀ ਹੈ ਜਿੱਥੇ ਕੋਈ ਬੱਚਾ ਸ਼ੋਸ਼ਣ ਜਾਂ ਨੁਕਸਾਨ ਦਾ ਸਾਹਮਣਾ ਕਰ ਰਿਹਾ ਹੈ। ਕਈ ਵਾਰ ਬੱਚਾ ਆਪ ਕਿਸੇ ਨੂੰ ਦੱਸ ਸਕਦਾ ਹੈ ਜੇ ਉਹਨਾਂ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ, ਪਰ ਬਾਕੀ ਸਮੇਂ ਸਟਾਫ਼ ਅਤੇ ਵਾਲੰਟੀਅਰਾਂ ਨੂੰ ਵਿਵਹਾਰ, ਭਾਵਨਾਵਾਂ ਜਾਂ ਸਰੀਰਕ ਦਿੱਖ ਵਿੱਚ ਤਬਦੀਲੀਆਂ ਲਈ ਧਿਆਨ ਦੇਣ ਦੀ ਲੋੜ ਹੋਵੇਗੀ।
- ਇੱਕ ਬਾਲ ਸੁਰੱਖਿਅਤ ਸੰਸਥਾ ਆਪਣੇ ਸਟਾਫ਼ ਅਤੇ ਵਾਲੰਟੀਅਰਾਂ ਨੂੰ ਸਿਖਲਾਈ ਅਤੇ ਜਾਣਕਾਰੀ ਵੀ ਪ੍ਰਦਾਨ ਕਰਦੀ ਹੈ ਤਾਂ ਜੋ ਉਹ ਬੱਚਿਆਂ ਦੀ ਸਹਾਇਤਾ ਕਰਨ ਅਤੇ ਉਹਨਾਂ ਦੁਆਰਾ ਕੀਤੇ ਗਏ ਕਿਸੇ ਵੀ ਖੁਲਾਸੇ ਦਾ ਜਵਾਬ ਦੇਣ ਸਮੇਤ, ਬੱਚਿਆਂ ਦੀ ਭਲਾਈ ਅਤੇ ਸੁਰੱਖਿਆ ਮੁੱਦਿਆਂ ਲਈ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇ ਸਕਣ।
- ਕਿਸੇ ਬੱਚੇ ਨੂੰ ਨੁਕਸਾਨ ਪਹੁੰਚਾਉਣ ਦੇ ਖੁਲਾਸੇ ਪ੍ਰਾਪਤ ਕਰਨਾ ਪ੍ਰੇਸ਼ਾਨ ਕਰਨ ਵਾਲਾ ਅਤੇ ਤਣਾਅਪੂਰਨ ਦੋਵੇਂ ਹੋ ਸਕਦੇ ਹਨ। ਇਸਦਾ ਮਤਲਬ ਹੈ ਕਿ ਸਟਾਫ਼ ਅਤੇ ਵਾਲੰਟੀਅਰਾਂ ਲਈ ਇਹ ਜਾਣਨਾ ਲਾਭਦਾਇਕ ਹੈ ਕਿ ਉਹ

ਕਿਸ ਤੋਂ ਮਾਰਗਦਰਸ਼ਨ ਅਤੇ ਸਹਾਇਤਾ ਪ੍ਰਾਪਤ ਕਰ ਸਕਦੇ ਹਨ, ਅਤੇ ਆਪਣੇ ਸਹਿਯੋਗੀਆਂ ਦੀ ਸਹਾਇਤਾ ਕਿਵੇਂ ਕਰਨੀ ਹੈ।

- ਸਟਾਫ਼ ਅਤੇ ਵਾਲੰਟੀਅਰਾਂ ਨੂੰ ਇਹ ਯਕੀਨੀ ਬਣਾਉਣ ਲਈ ਸਰਗਰਮ ਕਦਮ ਚੁੱਕਣ ਲਈ ਮਾਰਗਦਰਸ਼ਨ ਦੀ ਲੋੜ ਹੁੰਦੀ ਹੈ ਕਿ ਐਬੋਰਿਜ਼ਨਲ ਲੋਕ ਅਤੇ ਸੱਭਿਆਚਾਰਕ ਅਤੇ ਭਾਸ਼ਾਈ ਤੌਰ 'ਤੇ ਵਿਭਿੰਨ ਪਿਛੋਕੜ ਵਾਲੇ ਲੋਕ ਇਹ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਸੱਭਿਆਚਾਰ ਅਤੇ ਪਛਾਣ ਦਾ ਸਤਿਕਾਰ ਕੀਤਾ ਜਾਂਦਾ ਹੈ, ਨਸਲਵਾਦ ਨੂੰ ਬਰਦਾਸ਼ਤ ਨਹੀਂ ਕੀਤਾ ਜਾਂਦਾ ਹੈ, ਇਹ ਕਿ ਉਹ ਆਪਣੇ-ਆਪ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਨ।
- ਸਟਾਫ਼ ਅਤੇ ਵਾਲੰਟੀਅਰਾਂ ਲਈ ਬੱਚਿਆਂ ਦੀ ਸੁਰੱਖਿਆ ਦੇ ਮੁੱਦਿਆਂ 'ਤੇ ਸਿਖਲਾਈ ਅਤੇ ਜਾਣਕਾਰੀ, ਨੁਕਸਾਨ ਦੇ ਸੰਕੇਤਾਂ ਸਮੇਤ, ਖ਼ਾਸ ਤੌਰ 'ਤੇ ਬਾਲ ਸ਼ੋਸ਼ਣ ਤੋਂ ਬਚੇ ਲੋਕਾਂ ਲਈ, ਟਾਕਰੇ ਵਾਲੀ ਹੋ ਸਕਦੀ ਹੈ। ਇੱਕ ਸਦਮੇ-ਸੂਚਿਤ ਪਹੁੰਚ ਵਿੱਚ ਇੱਕ ਵਿਅਕਤੀ 'ਤੇ ਸਦਮੇ ਅਤੇ ਤਣਾਅ ਦੇ ਪ੍ਰਭਾਵਾਂ ਨੂੰ ਸਮਝਣਾ ਅਤੇ ਪ੍ਰਦਾਨ ਕੀਤੀ ਜਾ ਰਹੀ ਜਾਣਕਾਰੀ ਦੀ ਪ੍ਰਕਿਰਤੀ ਅਤੇ ਇਹ ਕਿਵੇਂ ਪ੍ਰਦਾਨ ਕੀਤੀ ਜਾਂਦੀ ਹੈ, ਪ੍ਰਤੀ ਸੰਵੇਦਨਸ਼ੀਲ ਹੋਣਾ ਸ਼ਾਮਲ ਹੈ। ਇਹ ਵਿਅਕਤੀਆਂ ਨੂੰ ਹੋਰ ਨੁਕਸਾਨ ਤੋਂ ਬਚਾਉਣ ਦੀ ਕੋਸ਼ਿਸ਼ ਕਰਦੀ ਹੈ।

## ਨਿਯਮ-ਕਾਨੂੰਨ ਪਾਲਣਾ ਸੂਚਕ

### ਇਸ ਮਿਆਰ ਦਾ ਮੁਲਾਂਕਣ ਕਰਨ ਵੇਲੇ ਕਮਿਸ਼ਨ ਕੀ ਦੇਖੇਗਾ?

ਸੰਸਥਾਵਾਂ ਸੁਭਾਵਿਕ ਤੌਰ 'ਤੇ ਕਾਨੂੰਨ ਪਾਲਣਾ ਕਰ ਰਹੀਆ ਹੋਣਗੀਆਂ ਜੇਕਰ ਉਹ ਇਸ ਤਰੀਕੇ ਨਾਲ ਇਹ ਦਸਤਾਵੇਜ਼ ਤਿਆਰ ਕਰਦੇ ਹਨ ਅਤੇ ਇਨ੍ਹਾਂ ਕਾਰਵਾਈਆਂ ਨੂੰ ਕਰਦੇ ਹਨ ਜੋ ਉਸ ਸੰਸਥਾ ਨੂੰ ਇਸ ਮਿਆਰ ਨੂੰ ਹਾਸਿਲ ਕਰਨ ਵਿੱਚ ਮੱਦਦ ਕਰਦਾ ਹੈ।[23]

#### ਦਸਤਾਵੇਜ਼

- ਸਟਾਫ਼ ਅਤੇ ਵਾਲੰਟੀਅਰਾਂ ਲਈ ਇੱਕ ਸਿਖਲਾਈ ਕਾਰਜ ਯੋਜਨਾ ਵਿੱਚ ਇਨ੍ਹਾਂ ਦੀ ਸਿਖਲਾਈ ਹੋਣਾ ਸ਼ਾਮਲ ਹੈ:
  - ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ ਦੀ (8.1)
  - ਬਾਲ ਸ਼ੋਸ਼ਣ ਅਤੇ ਨੁਕਸਾਨ ਦੇ ਸੂਚਕਾਂ ਦੀ ਪਛਾਣ ਕਰਨ ਦੀ(8.2)
  - ਬੱਚੇ ਨੂੰ ਨੁਕਸਾਨ ਪਹੁੰਚਾਉਣ ਬਾਰੇ ਖੁਲਾਸਾ ਕਰਨ ਵਾਲੇ ਵਿਅਕਤੀ ਦਾ ਸਮਰਥਨ ਕਿਵੇਂ ਕਰਨਾ ਹੈ (8.3)
  - ਅੰਦਰੂਨੀ ਅਤੇ ਬਾਹਰੀ ਰਿਪੋਰਟਿੰਗ ਲੋੜਾਂ, ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਸੂਚਿਤ ਕਰਨਾ ਅਤੇ ਬੱਚਿਆਂ ਲਈ ਜ਼ੋਖਮਾਂ ਦਾ ਪ੍ਰਬੰਧਨ ਸਮੇਤ ਬਾਲ ਸੁਰੱਖਿਆ ਦੇ ਮੁੱਦਿਆਂ ਦਾ ਜਵਾਬ ਕਿਵੇਂ ਦੇਣਾ ਹੈ (8.3)
  - ਸੱਭਿਆਚਾਰਕ ਸੁਰੱਖਿਆ ਦਾ ਸਮਰਥਨ ਕਿਵੇਂ ਕਰਨਾ ਹੈ। (8.4)
- ਸਟਾਫ਼ ਅਤੇ ਵਾਲੰਟੀਅਰਾਂ ਲਈ ਮਾਰਗਦਰਸ਼ਨ ਸਮੱਗਰੀ (ਜਿਵੇਂ ਕਿ ਨੀਤੀਆਂ, ਪ੍ਰਕਿਰਿਆਵਾਂ, ਦਿਸ਼ਾ-ਨਿਰਦੇਸ਼, ਜਾਣਕਾਰੀ ਸ਼ੀਟਾਂ ਅਤੇ ਪੋਸਟਰ) ਇਨ੍ਹਾਂ ਬਾਰੇ ਮਾਰਗਦਰਸ਼ਨ ਪ੍ਰਦਾਨ ਕਰਦੇ ਹਨ:
  - ਬੱਚਿਆਂ ਨਾਲ ਸ਼ੋਸ਼ਣ ਅਤੇ ਨੁਕਸਾਨ ਦੇ ਸੂਚਕਾਂ ਦੀ ਪਛਾਣ ਕਰਨ ਬਾਰੇ, ਜਿਸ ਵਿੱਚ ਹੋਰ ਬੱਚਿਆਂ ਦੁਆਰਾ ਨੁਕਸਾਨ ਕਰਨਾ ਵੀ ਸ਼ਾਮਲ ਹੈ (8.2)

---

[23] ਤੁਹਾਡੀ ਸੰਸਥਾ ਦੇ ਸੁਭਾਅ ਜਾਂ ਵਿਸ਼ੇਸ਼ਤਾਵਾਂ ਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਨੂੰ ਇਸ ਗਾਈਡ ਵਿੱਚ ਪ੍ਰਸਤਾਵਿਤ ਚੀਜ਼ਾਂ ਤੋਂ ਕੁੱਝ ਵੱਖਰਾ ਕਰਨ ਦੀ ਲੋੜ ਹੈ। ਜੇਕਰ ਅਜਿਹਾ ਹੈ, ਤਾਂ ਤੁਹਾਨੂੰ ਇਹ ਦੱਸਣਾ ਪੈ ਸਕਦਾ ਹੈ ਕਿ ਤੁਹਾਡੀ ਪਹੁੰਚ ਨਤੀਜਿਆਂ ਅਤੇ ਮਿਆਰਾਂ ਦੀਆਂ ਘੱਟੋ-ਘੱਟ ਲੋੜਾਂ ਦੀ ਕਿਵੇਂ ਪਾਲਣਾ ਕਰਦੀ ਹੈ। ਕੁੱਝ ਸੈਕਟਰਾਂ ਅਤੇ ਸੰਸਥਾਵਾਂ ਕੋਲ ਸਹਿ-ਰੈਗੂਲੇਟਰ ਹਨ ਜਿਨ੍ਹਾਂ ਨੇ ਵਿਸ਼ੇਸ਼ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹੋਏ ਹਨ। ਜਿੱਥੇ ਇਨ੍ਹਾਂ ਮਿਆਰਾਂ 'ਤੇ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ ਤੁਹਾਡੀ ਸੰਸਥਾ 'ਤੇ ਲਾਗੂ ਹੁੰਦੇ ਹਨ, ਅਤੇ ਇਸ ਗਾਈਡ ਤੋਂ ਵੱਖਰੀ ਹੈ, ਤੁਹਾਡੀ ਸੰਸਥਾ ਨੂੰ ਉਸ ਸੈਕਟਰ ਵਿੱਚ ਆਪਣੇ ਕੰਮਕਾਜ ਲਈ ਉਸ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

  - ਅੰਦਰੂਨੀ ਅਤੇ ਬਾਹਰੀ ਰਿਪੋਰਟਿੰਗ ਲੋੜਾਂ, ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਸੂਚਿਤ ਕਰਨਾ ਅਤੇ ਬੱਚਿਆਂ ਲਈ ਜ਼ੋਖਮਾਂ ਦਾ ਪ੍ਰਬੰਧਨ ਸਮੇਤ ਬਾਲ ਸੁਰੱਖਿਆ ਦੇ ਮੁੱਦਿਆਂ ਦਾ ਜਵਾਬ ਕਿਵੇਂ ਦੇਣਾ ਹੈ (8.3)
  - ਕਿਸੇ ਬੱਚੇ ਨੂੰ ਨੁਕਸਾਨ ਕੀਤੇ ਜਾਣ ਦਾ ਖੁਲਾਸਾ ਕਰਨ ਵਾਲੇ ਵਿਅਕਤੀ ਦੀ ਸਹਾਇਤਾ ਕਿਵੇਂ ਕਰਨੀ ਹੈ (8.3)
  - ਸੰਸਥਾ ਵਿੱਚ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਮਾਹੌਲ ਕਿਵੇਂ ਬਣਾਇਆ ਜਾਵੇ। (8.4)
- ਇੱਕ ਸਿਖਲਾਈ ਰਜਿਸਟਰ ਸਟਾਫ਼ ਅਤੇ ਵਾਲੰਟੀਅਰਾਂ ਦੁਆਰਾ ਸਿਖਲਾਈ ਦੇ ਮੁਕੰਮਲ ਹੋਣ ਦਾ ਰਿਕਾਰਡ ਰੱਖਦਾ ਹੈ। (8.1, 8.2, 8.3, 8.4)

### ਕਾਰਵਾਈਆਂ

- ਆਗੂ ਸਟਾਫ਼ ਅਤੇ ਵਾਲੰਟੀਅਰਾਂ ਨੂੰ ਦੱਸਦੇ ਹਨ ਕਿ ਬਾਲ ਸੁਰੱਖਿਆ ਸਿਖਲਾਈ ਲਾਜ਼ਮੀ ਹੈ। (8.1, 8.2, 8.3, 8.4)
- ਸਟਾਫ਼ ਅਤੇ ਵਾਲੰਟੀਅਰਾਂ ਨੂੰ ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ 'ਤੇ ਇੰਡਕਸ਼ਨ ਸਮੇਂ ਅਤੇ ਨਿਯਮਤ ਅੰਤਰਾਲਾਂ 'ਤੇ ਸਿਖਲਾਈ ਦਿੱਤੀ ਜਾਂਦੀ ਹੈ। (8.1)
- ਸਟਾਫ਼ ਅਤੇ ਵਾਲੰਟੀਅਰਾਂ ਨੂੰ ਉਹ ਸਿਖਲਾਈ ਦਿੱਤੀ ਜਾਂਦੀ ਹੈ ਜੋ ਉਹਨਾਂ ਦੀ ਇਨ੍ਹਾਂ ਗੱਲਾਂ ਲਈ ਯੋਗਤਾ ਦਾ ਸਮਰਥਨ ਕਰਦੀ ਹੈ:
  - ਬੱਚਿਆਂ ਨਾਲ ਸ਼ੋਸ਼ਣ ਅਤੇ ਨੁਕਸਾਨ ਦੇ ਸੰਕੇਤਾਂ ਦੀ ਪਛਾਣ ਕਰਨ ਲਈ (8.2)
  - ਅੰਦਰੂਨੀ ਅਤੇ ਬਾਹਰੀ ਰਿਪੋਰਟਿੰਗ ਲੋੜਾਂ, ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਨੂੰ ਸੂਚਿਤ ਕਰਨਾ ਅਤੇ ਬੱਚਿਆਂ ਲਈ ਜ਼ੋਖਮਾਂ ਦਾ ਪ੍ਰਬੰਧਨ ਸਮੇਤ ਬਾਲ ਸੁਰੱਖਿਆ ਦੇ ਮੁੱਦਿਆਂ ਦਾ ਜਵਾਬ ਦੇਣ ਲਈ (8.3)
  - ਬੱਚੇ ਦੇ ਨੁਕਸਾਨ ਦਾ ਖੁਲਾਸਾ ਕਰਨ ਵਾਲੇ ਵਿਅਕਤੀ ਦਾ ਸਮਰਥਨ ਕਰਨ ਲਈ (8.2, 8.3)
  - ਸੰਸਥਾ ਵਿੱਚ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਮਾਹੌਲ ਬਣਾਉਣ ਲਈ। (8.4)
- ਬਾਲ ਸੁਰੱਖਿਆ ਬਾਰੇ ਸਿਖਲਾਈ ਅਤੇ ਮਾਰਗਦਰਸ਼ਨ:
  - ਸੰਸਥਾ ਦੀ ਬੱਚਿਆਂ ਨਾਲ ਸ਼ਮੂਲੀਅਤ ਅਤੇ ਸੰਸਥਾ ਵਿੱਚ ਬੱਚਿਆਂ ਦੀਆਂ ਲੋੜਾਂ ਲਈ ਉਚਿਤ ਹੈ
  - ਸਦਮਾ - ਸੂਚਿਤ ਹੈ
  - ਸਟਾਫ਼ ਅਤੇ ਵਲੰਟੀਅਰਾਂ ਨੂੰ ਆਪਣੇ ਹੁਨਰ ਅਤੇ ਗਿਆਨ ਨੂੰ ਅੱਪ-ਟੂ-ਡੇਟ ਰੱਖਣ ਦੇ ਯੋਗ ਬਣਾਉਣ ਲਈ ਨਿਯਮਤ ਆਧਾਰ 'ਤੇ ਪੇਸ਼ਕਸ਼ ਕੀਤੀ ਜਾਂਦੀ ਹੈ
  - ਨਿਯਮਿਤ ਤੌਰ 'ਤੇ ਸਮੀਖਿਆ ਕੀਤੀ ਜਾਂਦੀ ਹੈ ਅਤੇ ਪ੍ਰਭਾਵੀ ਰਹਿਣ ਲਈ ਅਪਡੇਟ ਕੀਤੀ ਜਾਂਦੀ ਹੈ। (8.1, 8.2, 8.3, 8.4)
- ਸਟਾਫ਼ ਅਤੇ ਵਾਲੰਟੀਅਰਾਂ ਦੀ ਨਿਗਰਾਨੀ ਅਤੇ ਪ੍ਰਬੰਧਨ ਵਿੱਚ ਬਾਲ ਸੁਰੱਖਿਆ ਸਿਖਲਾਈ ਦੀਆਂ ਲੋੜਾਂ ਦੀ ਪਛਾਣ ਕਰਨਾ ਸ਼ਾਮਲ ਹੈ। (8.1, 8.2, 8.3, 8.4)

# ਮਿਆਰ 9: ਅਸਲ ਅਤੇ ਔਨਲਾਈਨ ਮਾਹੌਲ ਸੁਰੱਖਿਆ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਦੇ ਹਨ ਜਦੋਂ ਕਿ ਬੱਚਿਆਂ ਅਤੇ ਯੁਵਾਵਾਂ ਨੂੰ ਨੁਕਸਾਨ ਪਹੁੰਚਾਉਣ ਦੇ ਮੌਕੇ ਨੂੰ ਘੱਟ ਕਰਦੇ ਹਨ

**ਬਾਲ ਸੁਰੱਖਿਆ ਮਿਆਰ 9 ਦੀ ਪਾਲਣਾ ਕਰਦੇ ਹੋਏ, ਇੱਕ ਸੰਸਥਾ ਦਾ, ਘੱਟੋ-ਘੱਟ, ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ:**

9.1 ਸਟਾਫ਼ ਅਤੇ ਵਲੰਟੀਅਰ ਬੱਚੇ ਦੇ ਗੁਪਤਤਾ ਦੇ ਅਧਿਕਾਰ, ਜਾਣਕਾਰੀ ਤੱਕ ਪਹੁੰਚ, ਸਮਾਜਿਕ ਸੰਪਰਕ ਅਤੇ ਸਿੱਖਣ ਦੇ ਮੌਕਿਆਂ ਨਾਲ ਸਮਝੌਤਾ ਕੀਤੇ ਬਗ਼ੈਰ ਔਨਲਾਈਨ ਅਤੇ ਅਸਲ ਮਾਹੌਲ ਵਿੱਚ ਜ਼ੋਖਮਾਂ ਦੀ ਪਛਾਣ ਕਰਦੇ ਹਨ ਅਤੇ ਉਹਨਾਂ ਨੂੰ ਘੱਟ ਕਰਦੇ ਹਨ।

9.2 ਔਨਲਾਈਨ ਮਾਹੌਲ ਦੀ ਵਰਤੋਂ ਸੰਸਥਾ ਦੀ ਆਚਾਰ-ਸੰਹਿਤਾ ਅਤੇ ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ ਅਤੇ ਕੰਮ ਕਰਨ ਦੇ ਤਰੀਕਿਆਂ ਦੇ ਅਨੁਸਾਰ ਕੀਤੀ ਜਾਂਦੀ ਹੈ।

9.3 ਜ਼ੋਖਮ ਪ੍ਰਬੰਧਨ ਯੋਜਨਾਵਾਂ ਸੰਸਥਾਤਮਕ ਸੈਟਿੰਗ, ਗਤੀਵਿਧੀਆਂ ਅਤੇ ਅਸਲ ਮਾਹੌਲ ਦੁਆਰਾ ਪੈਦਾ ਹੋਣ ਵਾਲੇ ਜ਼ੋਖਮਾਂ 'ਤੇ ਵਿਚਾਰ ਕਰਦੀਆਂ ਹਨ।

9.4 ਸੰਸਥਾਵਾਂ ਜੋ ਤੀਜੀ ਧਿਰਾਂ ਤੋਂ ਸਹੂਲਤਾਂ ਅਤੇ ਸੇਵਾਵਾਂ ਦਾ ਇਕਰਾਰਨਾਮਾ ਕਰਦੀਆਂ ਹਨ, ਉਹਨਾਂ ਕੋਲ ਅਜਿਹੀਆਂ ਖ਼ਰੀਦ ਨੀਤੀਆਂ ਹਨ ਜੋ ਬੱਚਿਆਂ ਅਤੇ ਯੁਵਾਵਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੀਆਂ ਹਨ।

## ਮੁੱਖ ਨੁਕਤੇ

- ਬੱਚਿਆਂ ਨੂੰ ਨੁਕਸਾਨ ਤੋਂ ਸੁਰੱਖਿਅਤ ਰੱਖਣ ਲਈ ਸੰਸਥਾਵਾਂ ਵਿੱਚ ਜ਼ੋਖਮ ਦੀ ਪਛਾਣ ਕਰਨਾ ਅਤੇ ਪ੍ਰਬੰਧਨ ਕਰਨਾ ਇੱਕ ਬੁਨਿਆਦੀ ਕਦਮ ਹੈ। ਜ਼ੋਖਮ ਪ੍ਰਬੰਧਨ ਪਹੁੰਚ ਅਪਣਾ ਕੇ, ਇੱਕ ਸੰਸਥਾ ਸਰਗਰਮੀ ਨਾਲ ਬੱਚਿਆਂ ਦੇ ਨੁਕਸਾਨ ਜਾਂ ਸ਼ੋਸ਼ਣ ਦੀ ਸੰਭਾਵਨਾ ਨੂੰ ਘਟਾ ਸਕਦੀ ਹੈ।
- ਬਾਲ ਸੁਰੱਖਿਆ ਮਿਆਰਾਂ ਦੇ ਉਦੇਸ਼ ਲਈ, 'ਜ਼ੋਖਮ' ਦਾ ਮਤਲਬ ਹੈ ਕਿਸੇ ਸੰਸਥਾ ਦੇ ਸੰਬੰਧ ਵਿੱਚ ਕਿਸੇ ਬੱਚੇ ਨੂੰ ਨੁਕਸਾਨ ਪਹੁੰਚਾਉਣ ਜਾਂ ਸ਼ੋਸ਼ਣ ਕਰਨ ਦੇ ਮੌਕੇ ਦਾ ਮੌਜੂਦ ਹੋਣਾ। ਇਸ ਵਿੱਚ ਸੰਸਥਾ ਦੇ ਬੱਚਿਆਂ ਜਾਂ ਇਸ ਨਾਲ ਜੁੜੇ ਲੋਕਾਂ ਲਈ ਜ਼ੋਖਮ, ਸੰਸਥਾ ਦੁਆਰਾ ਕੀਤੀਆਂ ਗਤੀਵਿਧੀਆਂ ਅਤੇ ਇਸਦੇ ਅਸਲ ਅਤੇ ਔਨਲਾਈਨ ਮਾਹੌਲ ਵਿੱਚ ਪੈਦਾ ਹੋਣ ਵਾਲੇ ਜ਼ੋਖਮ ਸ਼ਾਮਲ ਹਨ।
- ਸਾਰੀਆਂ ਸੰਸਥਾਵਾਂ ਨੂੰ ਉਹਨਾਂ ਬੱਚਿਆਂ ਲਈ ਲਾਜ਼ਮੀ ਤੌਰ 'ਤੇ ਸੰਭਾਵੀ ਜ਼ੋਖਮਾਂ ਦਾ ਵਿਸ਼ਲੇਸ਼ਣ ਕਰਨਾ ਅਤੇ ਸਮਝਣਾ ਚਾਹੀਦਾ ਹੈ ਜਿਨ੍ਹਾਂ ਨਾਲ ਉਹ ਜੁੜੇ ਹੋਏ ਹਨ। ਸੰਸਥਾਤਮਕ ਢਾਂਚੇ ਅਤੇ ਸੱਭਿਆਚਾਰ, ਗਤੀਵਿਧੀਆਂ ਅਤੇ ਅਸਲ ਅਤੇ ਔਨਲਾਈਨ ਮਾਹੌਲ ਦੁਆਰਾ ਪੈਦਾ ਹੋਏ ਜ਼ੋਖਮਾਂ ਬਾਰੇ ਸੋਚਣਾ ਮਹੱਤਵਪੂਰਨ ਹੈ, ਨਾਲ ਹੀ ਉਹਨਾਂ ਦੇ ਪੈਦਾ ਹੁੰਦੇ ਸਾਰ ਹੀ ਨਵੇਂ ਜ਼ੋਖਮਾਂ ਨੂੰ ਹੱਲ ਕਰਨਾ ਮਹੱਤਵਪੂਰਨ ਹੈ।
- ਜ਼ੋਖਮ ਦੀ ਪਛਾਣ ਅਤੇ ਪ੍ਰਬੰਧਨ ਕਰਦੇ ਸਮੇਂ, ਕਿਸੇ ਖ਼ਾਸ ਗਤੀਵਿਧੀ ਜਾਂ ਪਹੁੰਚ ਦੇ ਬੱਚਿਆਂ ਨੂੰ ਹੋਣ ਵਾਲੇ ਲਾਭਾਂ ਦੇ ਵਿਰੁੱਧ ਨੁਕਸਾਨ ਅਤੇ ਸ਼ੋਸ਼ਣ ਦੇ ਜ਼ੋਖਮ ਦਾ ਪ੍ਰਬੰਧਨ ਕਰਨ ਦੀ ਜ਼ਰੂਰਤ ਨੂੰ ਸੰਤੁਲਿਤ ਕਰਨਾ ਮਹੱਤਵਪੂਰਨ ਹੁੰਦਾ ਹੈ।
- ਔਨਲਾਈਨ ਤਕਨਾਲੋਜੀਆਂ ਲਗਾਤਾਰ ਬਦਲ ਰਹੀਆਂ ਹਨ, ਅਤੇ ਬੱਚੇ ਅਕਸਰ ਇਹਨਾਂ ਤਬਦੀਲੀਆਂ ਦੇ ਅਨੁਕੂਲ ਹੋਣ ਵਿੱਚ ਮਾਪਿਆਂ, ਦੇਖਭਾਲ ਕਰਨ ਵਾਲਿਆਂ ਅਤੇ ਸੰਸਥਾਤਮਕ ਸਟਾਫ਼ ਤੋਂ ਅੱਗੇ ਹੁੰਦੇ ਹਨ। ਔਨਲਾਈਨ ਵਿਵਹਾਰ ਨੂੰ ਤੁਹਾਡੇ ਸੰਸਥਾ ਦੇ ਕੋਡ ਆਫ਼ ਕੰਡਕਟ ਵਿੱਚ ਸ਼ਾਮਲ ਕਰਨ ਦੀ ਲੋੜ ਹੈ, ਅਤੇ ਬਾਲ

ਸੁਰੱਖਿਆ ਅਤੇ ਤੰਦਰੁਸਤੀ ਨੀਤੀਆਂ ਅਤੇ ਕੰਮ ਕਰਨ ਦੇ ਤਰੀਕਿਆਂ ਨੂੰ ਔਨਲਾਈਨ ਮਾਹੌਲ ਨੂੰ ਵੀ ਸੰਬੋਧਿਤ ਕਰਨ ਦੀ ਲੋੜ ਹੈ।

- ਤੀਜੀ ਧਿਰਾਂ ਨਾਲ ਪ੍ਰਬੰਧ ਜਾਂ ਇਕਰਾਰਨਾਮੇ ਵੀ ਬਾਲ ਸੁਰੱਖਿਆ ਖ਼ਤਰੇ ਪੇਸ਼ ਕਰ ਸਕਦੇ ਹਨ। ਉਹ ਅਣਜਾਣ ਲੋਕਾਂ, ਜਾਂ ਉਹਨਾਂ ਲੋਕਾਂ ਨੂੰ ਸੰਸਥਾ ਨਾਲ ਜੁੜੇ ਬੱਚਿਆਂ ਦੇ ਸੰਪਰਕ ਵਿੱਚ ਲਿਆ ਸਕਦੇ ਹਨ ਜੋ ਬਾਲ ਸੁਰੱਖਿਆ ਸਕ੍ਰੀਨਿੰਗ ਦੇ ਸਮਾਨ ਪੱਧਰ ਦੇ ਅਧੀਨ ਨਹੀਂ ਹਨ।
- ਸੰਸਥਾਵਾਂ ਨੂੰ ਸੰਸਥਾ ਨਾਲ ਜੁੜੇ ਹੋਏ ਬੱਚਿਆਂ ਨੂੰ ਤੀਜੀ ਧਿਰ ਦੁਆਰਾ ਪੇਸ਼ ਕੀਤੇ ਗਏ ਕਿਸੇ ਵੀ ਜ਼ੋਖਮ 'ਤੇ ਵਿਚਾਰ ਕਰਨਾ, ਪਛਾਣਨਾ ਅਤੇ ਨਜਿੱਠਣਾ ਲਾਜ਼ਮੀ ਹੈ।
- ਸੰਸਥਾਵਾਂ ਨੂੰ ਉਹਨਾਂ ਦੇ ਬਾਲ ਸੁਰੱਖਿਆ ਜ਼ੋਖਮ ਮੁਲਾਂਕਣਾਂ ਅਤੇ ਪ੍ਰਬੰਧਨ ਯੋਜਨਾ ਨੂੰ ਪੂਰਾ ਕਰਨ ਵਿੱਚ ਮੱਦਦ ਕਰਨ ਲਈ ਜ਼ੋਖਮ ਮੁਲਾਂਕਣ ਅਤੇ ਪ੍ਰਬੰਧਨ ਖਾਕੇ ਤਿਆਰ ਕੀਤੇ ਗਏ ਹਨ।

## ਨਿਯਮ-ਕਾਨੂੰਨ ਪਾਲਣਾ ਸੂਚਕ

### ਇਸ ਮਿਆਰ ਦਾ ਮੁਲਾਂਕਣ ਕਰਨ ਵੇਲੇ ਕਮਿਸ਼ਨ ਕੀ ਦੇਖੇਗਾ?

ਸੰਸਥਾਵਾਂ ਸੁਭਾਵਿਕ ਤੌਰ 'ਤੇ ਕਾਨੂੰਨ ਪਾਲਣਾ ਕਰ ਰਹੀਆ ਹੋਣਗੀਆਂ ਜੇਕਰ ਉਹ ਇਸ ਤਰੀਕੇ ਨਾਲ ਇਹ ਦਸਤਾਵੇਜ਼ ਤਿਆਰ ਕਰਦੇ ਹਨ ਅਤੇ ਇਨ੍ਹਾਂ ਕਾਰਵਾਈਆਂ ਨੂੰ ਕਰਦੇ ਹਨ ਜੋ ਉਸ ਸੰਸਥਾ ਨੂੰ ਇਸ ਮਿਆਰ ਨੂੰ ਹਾਸਿਲ ਕਰਨ ਵਿੱਚ ਮੱਦਦ ਕਰਦਾ ਹੈ।[24]

### ਦਸਤਾਵੇਜ਼

- ਇੱਕ ਜ਼ੋਖਮ ਮੁਲਾਂਕਣ ਸੰਸਥਾ ਨਾਲ ਜੁੜੇ ਅਸਲ ਅਤੇ ਔਨਲਾਈਨ ਦੋਵਾਂ ਮਾਹੌਲਾਂ ਵਿੱਚ ਬਾਲ ਸ਼ੋਸ਼ਣ ਅਤੇ ਨੁਕਸਾਨ ਦੇ ਜ਼ੋਖਮਾਂ ਦੀ ਪਛਾਣ ਕਰਦਾ ਹੈ। (9.1, 9.3)
- ਜ਼ੋਖਮ ਪ੍ਰਬੰਧਨ ਯੋਜਨਾਵਾਂ ਉਹਨਾਂ ਕਾਰਵਾਈਆਂ ਦੀ ਸੂਚੀ ਬਣਾਉਂਦੀਆਂ ਹਨ ਜੋ ਸੰਸਥਾ ਬੱਚਿਆਂ ਨਾਲ ਸ਼ੋਸ਼ਣ ਅਤੇ ਨੁਕਸਾਨ ਦੇ ਹਰੇਕ ਪਛਾਣੇ ਗਏ ਜ਼ੋਖਮ ਨੂੰ ਰੋਕਣ ਜਾਂ ਘਟਾਉਣ ਲਈ ਕਰੇਗੀ। (9.3)
- ਆਚਾਰ-ਸੰਹਿਤਾ ਅਤੇ ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ ਇਹ ਦਰਸਾਉਂਦੀ ਹੈ ਕਿ ਸੰਸਥਾ ਉੱਚ ਜ਼ੋਖਮ ਵਾਲੀਆਂ ਗਤੀਵਿਧੀਆਂ ਦੇ ਖ਼ਾਸ ਸੰਦਰਭ ਦੇ ਨਾਲ, ਅਸਲ ਅਤੇ ਔਨਲਾਈਨ ਮਾਹੌਲ ਵਿੱਚ ਬੱਚਿਆਂ ਨੂੰ ਕਿਵੇਂ ਸੁਰੱਖਿਅਤ ਰੱਖੇਗੀ। (9.2, 9.3)
- ਖ਼ਰੀਦ ਨੀਤੀਆਂ ਤੀਜੀ-ਧਿਰ ਦੇ ਠੇਕੇਦਾਰਾਂ ਨੂੰ ਸ਼ਾਮਲ ਕਰਨ ਬਾਰੇ ਬੱਚਿਆਂ ਨੂੰ ਬਾਲ ਸ਼ੋਸ਼ਣ ਅਤੇ ਨੁਕਸਾਨ ਦੇ ਜ਼ੋਖਮਾਂ ਤੋਂ ਬਚਾਉਣ ਲਈ ਪ੍ਰਕਿਰਿਆਵਾਂ ਨਿਰਧਾਰਤ ਕਰਦੀਆਂ ਹਨ, ਜਿਵੇਂ ਕਿ ਸੰਸਥਾ ਦੀ ਆਚਾਰ-ਸੰਹਿਤਾ ਅਤੇ ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ ਦੀ ਪਾਲਣਾ ਦੀ ਲੋੜ। (9.4)

### ਕਾਰਵਾਈਆਂ

- ਜ਼ੋਖਮ ਮੁਲਾਂਕਣ ਅਤੇ ਪ੍ਰਬੰਧਨ ਯੋਜਨਾਵਾਂ ਸਟਾਫ਼, ਵਲੰਟੀਅਰਾਂ ਅਤੇ ਬੱਚਿਆਂ ਦੇ ਵਿਚਾਰਾਂ ਅਤੇ ਚਿੰਤਾਵਾਂ ਦੁਆਰਾ ਸੂਚਿਤ ਅਤੇ ਜਵਾਬਦੇਹ ਹੁੰਦੀਆਂ ਹਨ। ਯੋਜਨਾਵਾਂ ਦਰਸਾਉਂਦੀਆਂ ਹਨ ਕਿ ਸੰਸਥਾ ਨੇ ਬੱਚਿਆਂ ਦੇ ਨਿੱਜਤਾ,

---

[24] ਤੁਹਾਡੀ ਸੰਸਥਾ ਦੇ ਸੁਭਾਅ ਜਾਂ ਵਿਸ਼ੇਸ਼ਤਾਵਾਂ ਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਨੂੰ ਇਸ ਗਾਈਡ ਵਿੱਚ ਪ੍ਰਸਤਾਵਿਤ ਚੀਜ਼ਾਂ ਤੋਂ ਕੁੱਝ ਵੱਖਰਾ ਕਰਨ ਦੀ ਲੋੜ ਹੈ। ਜੇਕਰ ਅਜਿਹਾ ਹੈ, ਤਾਂ ਤੁਹਾਨੂੰ ਇਹ ਦੱਸਣਾ ਪੈ ਸਕਦਾ ਹੈ ਕਿ ਤੁਹਾਡੀ ਪਹੁੰਚ ਨਤੀਜਿਆਂ ਅਤੇ ਮਿਆਰਾਂ ਦੀਆਂ ਘੱਟੋ-ਘੱਟ ਲੋੜਾਂ ਦੀ ਕਿਵੇਂ ਪਾਲਣਾ ਕਰਦੀ ਹੈ। ਕੁੱਝ ਸੈਕਟਰਾਂ ਅਤੇ ਸੰਸਥਾਵਾਂ ਕੋਲ ਸਹਿ-ਰੈਗੂਲੇਟਰ ਹਨ ਜਿਨ੍ਹਾਂ ਨੇ ਵਿਸ਼ੇਸ਼ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹੋਏ ਹਨ। ਜਿੱਥੇ ਇਨ੍ਹਾਂ ਮਿਆਰਾਂ 'ਤੇ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ ਤੁਹਾਡੀ ਸੰਸਥਾ 'ਤੇ ਲਾਗੂ ਹੁੰਦੇ ਹਨ, ਅਤੇ ਇਸ ਗਾਈਡ ਤੋਂ ਵੱਖਰੀ ਹੈ, ਤੁਹਾਡੀ ਸੰਸਥਾ ਨੂੰ ਉਸ ਸੈਕਟਰ ਵਿੱਚ ਆਪਣੇ ਕੰਮਕਾਜ ਲਈ ਉਸ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

ਜਾਣਕਾਰੀ ਤੱਕ ਪਹੁੰਚ, ਸਮਾਜਿਕ ਸੰਪਰਕ ਅਤੇ ਸਿੱਖਣ ਦੇ ਮੌਕਿਆਂ ਦੇ ਅਧਿਕਾਰਾਂ ਪ੍ਰਤੀ ਨੁਕਸਾਨ ਅਤੇ ਸ਼ੋਸ਼ਣ ਦੇ ਜ਼ੋਖਮ ਦਾ ਪ੍ਰਬੰਧਨ ਕਰਨ ਦੀ ਜ਼ਰੂਰਤ ਨੂੰ ਸੰਤੁਲਿਤ ਕੀਤਾ ਹੈ। (9.1, 9.3)

- ਸਟਾਫ਼ ਅਤੇ ਵਾਲੰਟੀਅਰਾਂ ਨੂੰ ਜ਼ੋਖਮ ਪ੍ਰਬੰਧਨ ਯੋਜਨਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਤਾਂ ਜੋ ਉਹ ਬੱਚਿਆਂ ਨਾਲ ਸ਼ੋਸ਼ਣ ਅਤੇ ਨੁਕਸਾਨ ਦੇ ਜ਼ੋਖਮਾਂ ਤੋਂ ਜਾਣੂ ਹੋਣ ਅਤੇ ਇਹ ਜਾਣ ਸਕਣ ਕਿ ਉਹਨਾਂ ਨੂੰ ਰੋਕਣ ਅਤੇ ਘਟਾਉਣ ਲਈ ਉਹਨਾਂ ਨੂੰ ਕੀ ਕਾਰਵਾਈ ਕਰਨ ਦੀ ਲੋੜ ਹੈ। (9.1)
- ਸੰਸਥਾ ਵਿੱਚ ਸਟਾਫ਼ ਅਤੇ ਵਾਲੰਟੀਅਰਾਂ ਦੁਆਰਾ ਪਛਾਣ ਕੀਤੇ ਜਾਣ 'ਤੇ ਬੱਚਿਆਂ ਨਾਲ ਸ਼ੋਸ਼ਣ ਅਤੇ ਨੁਕਸਾਨ ਦੇ ਜ਼ੋਖਮਾਂ ਨੂੰ ਰੋਕਣ ਅਤੇ ਘਟਾਉਣ ਲਈ ਕਾਰਵਾਈ ਕੀਤੀ ਜਾਂਦੀ ਹੈ। (9.1)
- ਜ਼ੋਖਮ ਮੁਲਾਂਕਣਾਂ ਅਤੇ ਪ੍ਰਬੰਧਨ ਯੋਜਨਾਵਾਂ ਨੂੰ ਤਾਜ਼ਾ ਰੱਖਣ ਲਈ ਨਿਯਮਿਤ ਤੌਰ 'ਤੇ ਸਮੀਖਿਆ ਕੀਤੀ ਜਾਂਦੀ ਹੈ ਅਤੇ ਸ਼ਿਕਾਇਤਾਂ, ਚਿੰਤਾਵਾਂ ਅਤੇ ਸੁਰੱਖਿਆ ਘਟਨਾਵਾਂ ਤੋਂ ਸਿੱਖੇ ਸਬਕ ਸ਼ਾਮਲ ਹੁੰਦੇ ਹਨ। (9.1, 9.2)
- ਸੰਸਥਾ ਦੀ ਅਗਵਾਈ ਅਤੇ ਪ੍ਰਸ਼ਾਸਨ ਪ੍ਰਬੰਧ ਇਹ ਯਕੀਨੀ ਬਣਾਉਂਦੇ ਹਨ ਕਿ ਜ਼ੋਖਮ ਮੁਲਾਂਕਣ ਅਤੇ ਪ੍ਰਬੰਧਨ ਬੱਚਿਆਂ ਦੇ ਸ਼ੋਸ਼ਣ ਅਤੇ ਨੁਕਸਾਨ ਦੇ ਜ਼ੋਖਮਾਂ ਦੀ ਪਛਾਣ ਕਰਨ, ਰੋਕਣ ਅਤੇ ਘਟਾਉਣ 'ਤੇ ਕੇਂਦਰਿਤ ਹਨ। (2.5 ਦੇ ਲਿੰਕ)
- ਤੀਜੀ ਧਿਰ ਨਾਲ ਸਮਝੌਤਿਆਂ ਦੀ ਗੱਲਬਾਤ ਕਰਦੇ ਸਮੇਂ, ਇਕਰਾਰਨਾਮੇ ਵਿੱਚ ਉਹ ਸ਼ਰਤਾਂ ਸ਼ਾਮਲ ਹੁੰਦੀਆਂ ਹਨ ਜੋ ਸੰਸਥਾ ਨੂੰ ਕਾਰਵਾਈ ਕਰਨ ਦੀ ਇਜਾਜ਼ਤ ਦਿੰਦੀਆਂ ਹਨ ਜੇਕਰ ਤੀਜੀ ਧਿਰ ਬਾਲ ਸੁਰੱਖਿਆ ਅਤੇ ਤੰਦਰੁਸਤੀ ਦੇ ਸੰਭਾਵਿਤ ਮਿਆਰਾਂ ਨੂੰ ਪੂਰਾ ਨਹੀਂ ਕਰਦੀ ਹੈ। (9.4)
- ਜਦੋਂ ਤੀਜੀ-ਧਿਰ ਦੇ ਠੇਕੇਦਾਰਾਂ ਦੀ ਸ਼ਮੂਲੀਅਤ ਹੁੰਦੀ ਹੈ, ਤਾਂ ਸੰਸਥਾ ਦੁਆਰਾ ਇਹ ਮੁਲਾਂਕਣ ਕਰਨ ਲਈ ਕਾਰਵਾਈ ਕੀਤੀ ਜਾਂਦੀ ਹੈ ਕਿ ਕੀ, ਅਤੇ ਕਿਸ ਹੱਦ ਤੱਕ, ਤੀਜੀ-ਧਿਰ ਦੇ ਠੇਕੇਦਾਰਾਂ ਦੀ ਸ਼ਮੂਲੀਅਤ ਬੱਚਿਆਂ ਨਾਲ ਸ਼ੋਸ਼ਣ ਅਤੇ ਨੁਕਸਾਨ ਦੇ ਜ਼ੋਖਮ ਪੈਦਾ ਕਰਦੀ ਹੈ। (9.4)
- ਤੀਜੀ-ਧਿਰ ਦੇ ਠੇਕੇਦਾਰਾਂ ਦੁਆਰਾ ਖ਼ਤਰੇ ਦੇ ਪੱਧਰ 'ਤੇ ਨਿਰਭਰ ਕਰਦੇ ਹੋਏ, ਸੰਸਥਾ ਨੂੰ ਬਾਲ ਸ਼ੋਸ਼ਣ ਜਾਂ ਨੁਕਸਾਨ ਦੇ ਜ਼ੋਖਮਾਂ ਨੂੰ ਰੋਕਣ ਜਾਂ ਘਟਾਉਣ ਲਈ ਕਾਰਵਾਈਆਂ ਕਰਨੀਆਂ ਚਾਹੀਦੀਆਂ ਹਨ। ਉਚਿਤ ਕਾਰਵਾਈਆਂ ਵਿੱਚ ਸ਼ਾਮਲ ਹੋ ਸਕਦੀਆਂ ਹਨ:
  - ਤੀਜੀ-ਧਿਰ ਦੇ ਠੇਕੇਦਾਰਾਂ ਨੂੰ ਸੰਸਥਾ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਦੀ ਪਾਲਣਾ ਕਰਨ ਦੀ ਸ਼ਰਤ
  - ਬਾਲ ਸੁਰੱਖਿਆ ਮਿਆਰਾਂ ਅਤੇ/ਜਾਂ ਸੰਸਥਾ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਦੇ ਨਾਲ ਤੀਜੀ-ਧਿਰ ਦੇ ਠੇਕੇਦਾਰਾਂ ਦੁਆਰਾ ਪਾਲਣਾ ਦੀ ਨਿਗਰਾਨੀ
  - ਬਾਲ ਸ਼ੋਸ਼ਣ ਅਤੇ ਨੁਕਸਾਨ ਦੇ ਜ਼ੋਖਮਾਂ ਦੀ ਪਛਾਣ ਕਰਨ, ਰੋਕਣ ਅਤੇ ਘਟਾਉਣ ਲਈ ਤੀਜੀ-ਧਿਰ ਦੇ ਠੇਕੇਦਾਰਾਂ ਨਾਲ ਕੰਮ ਕਰਨਾ
  - ਜਿੱਥੇ ਕੋਈ ਸੰਸਥਾ ਤੀਜੀ-ਧਿਰ ਦੇ ਠੇਕੇਦਾਰਾਂ ਦੁਆਰਾ ਬੱਚਿਆਂ ਨਾਲ ਸ਼ੋਸ਼ਣ ਅਤੇ ਨੁਕਸਾਨ ਦੇ ਜ਼ੋਖਮਾਂ ਦਾ ਢੁੱਕਵਾਂ ਪ੍ਰਬੰਧਨ ਕਰਨ ਵਿੱਚ ਅਸਮਰੱਥ ਹੈ, ਤਾਂ ਇਕਰਾਰਨਾਮੇ ਨੂੰ ਖ਼ਤਮ ਕਰਨ ਜਾਂ ਬੱਚਿਆਂ ਦੀ ਸੁਰੱਖਿਆ ਲਈ ਹੋਰ ਢੁੱਕਵੀਂ ਕਾਰਵਾਈ ਕਰਨ ਬਾਰੇ ਵਿਚਾਰ ਕਰਨਾ। (9.4)
- ਜੇਕਰ ਉਚਿਤ ਹੋਵੇ, ਤਾਂ ਸਟਾਫ਼, ਵਾਲੰਟੀਅਰਾਂ, ਮਾਪਿਆਂ, ਦੇਖਭਾਲ ਕਰਨ ਵਾਲਿਆਂ ਅਤੇ ਬੱਚਿਆਂ ਨੂੰ ਔਨਲਾਈਨ ਸੁਰੱਖਿਆ ਅਤੇ ਔਨਲਾਈਨ ਮਾਹੌਲ ਵਿੱਚ ਖਤਰਿਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇ, ਜਿਵੇਂ ਕਿ ਔਨਲਾਈਨ ਗਰੂਮਿੰਗ, ਸਾਈਬਰ ਧੱਕੇਸ਼ਾਹੀ ਅਤੇ ਸੈਕਸਟਿੰਗ (ਸੈਕਸ ਬਾਰੇ ਸੁਨੇਹੇ ਅਤੇ ਫ਼ੋਟੋਆ ਭੇਜਣਾ)। ਨਕਾਰਾਤਮਕ ਅਨੁਭਵਾਂ ਜਾਂ ਚਿੰਤਾਵਾਂ ਦੀ ਰਿਪੋਰਟ ਕਰਨ ਲਈ ਸਹਾਇਤਾ ਦਿੱਤੀ ਜਾਂਦੀ ਹੈ। (9.2)

# ਮਿਆਰ 10: ਬਾਲ ਸੁਰੱਖਿਆ ਮਿਆਰਾਂ ਨੂੰ ਲਾਗੂ ਕਰਨ ਦੀ ਨਿਯਮਤ ਤੌਰ 'ਤੇ ਸਮੀਖਿਆ ਕੀਤੀ ਜਾਂਦੀ ਹੈ ਅਤੇ ਸੁਧਾਰ ਕੀਤਾ ਜਾਂਦਾ ਹੈ

**ਬਾਲ ਸੁਰੱਖਿਆ ਮਿਆਰ 10 ਦੀ ਪਾਲਣਾ ਕਰਦੇ ਹੋਏ, ਇੱਕ ਸੰਸਥਾ ਦਾ, ਘੱਟੋ-ਘੱਟ, ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ:**

10.1 ਸੰਸਥਾ ਨਿਯਮਿਤ ਤੌਰ 'ਤੇ ਬਾਲ ਸੁਰੱਖਿਅਤ ਕੰਮ ਕਰਨ ਦੇ ਤਰੀਕਿਆਂ ਦੀ ਸਮੀਖਿਆ, ਮੁਲਾਂਕਣ ਅਤੇ ਸੁਧਾਰ ਕਰਦੀ ਹੈ।

10.2 ਸ਼ਿਕਾਇਤਾਂ, ਚਿੰਤਾਵਾਂ ਅਤੇ ਸੁਰੱਖਿਆ ਦੀਆਂ ਘਟਨਾਵਾਂ ਦਾ ਵਿਸ਼ਲੇਸ਼ਣ ਲਗਾਤਾਰ ਸੁਧਾਰਾਂ ਨੂੰ ਸੂਚਿਤ ਕਰਨ ਲਈ ਕਾਰਨਾਂ ਅਤੇ ਪ੍ਰਣਾਲੀਗਤ ਅਸਫ਼ਲਤਾਵਾਂ ਦੀ ਪਛਾਣ ਕਰਨ ਲਈ ਕੀਤਾ ਜਾਂਦਾ ਹੈ।

10.3 ਸੰਸਥਾ ਸਟਾਫ਼ ਅਤੇ ਵਲੰਟੀਅਰਾਂ, ਭਾਈਚਾਰੇ ਅਤੇ ਪਰਿਵਾਰਾਂ, ਅਤੇ ਬੱਚਿਆਂ ਅਤੇ ਯੁਵਾਵਾਂ ਲਈ ਸੰਬੰਧਿਤ ਸਮੀਖਿਆਵਾਂ ਦੇ ਨਤੀਜਿਆਂ 'ਤੇ ਰਿਪੋਰਟ ਕਰਦੀ ਹੈ।

## ਮੁੱਖ ਨੁਕਤੇ

- ਬਾਲ ਸੁਰੱਖਿਅਤ ਸੰਸਥਾ ਹੋਣਾ ਇੱਕ ਵਾਰੀ ਅਭਿਆਸ ਕਰਨ ਵਜੋਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ ਹੈ ਇਸ ਲਈ ਲਗਾਤਾਰ ਕੋਸ਼ਿਸ਼ਾਂ ਕਰਨ ਦੀ ਲੋੜ ਹੁੰਦੀ ਹੈ। ਬਾਲ ਸੁਰੱਖਿਅਤ ਸੰਸਥਾਵਾਂ ਕੋਲ ਇੱਕ ਖੁੱਲਾ ਅਤੇ ਪਾਰਦਰਸ਼ੀ ਸੱਭਿਆਚਾਰ ਹੁੰਦਾ ਹੈ, ਆਪਣੀਆਂ ਗਲਤੀਆਂ ਤੋਂ ਸਿੱਖਦੀਆਂ ਹਨ ਅਤੇ ਬੱਚਿਆਂ ਦੇ ਹਿੱਤਾਂ ਨੂੰ ਪਹਿਲ ਦਿੰਦੀਆਂ ਹਨ।
- ਨਿਯਮਤ ਸਮੀਖਿਆਵਾਂ ਵਿੱਚ ਇਹ ਜਾਂਚ ਕੀਤੀ ਜਾਣੀ ਚਾਹੀਦੀ ਹੈ ਕਿ ਤੁਹਾਡੀਆਂ ਨੀਤੀਆਂ, ਪ੍ਰਕਿਰਿਆਵਾਂ ਅਤੇ ਕੰਮ ਦੇ ਤਰੀਕੇ ਉਚਿਤ, ਅੱਪ-ਟੂ-ਡੇਟ ਅਤੇ ਪ੍ਰਭਾਵੀ ਹਨ, ਅਤੇ ਇਹ ਕਿ ਉਹਨਾਂ ਨੂੰ ਹਰ ਕੋਈ ਪੂਰੀ ਤਰ੍ਹਾਂ ਲਾਗੂ ਅਤੇ ਪਾਲਣਾ ਕਰ ਰਿਹਾ ਹੈ।
- ਅਪ-ਟੂ-ਡੇਟ ਅਤੇ ਪ੍ਰਭਾਵੀ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਬਣਾਈ ਰੱਖਣ ਲਈ ਸਾਲਾਨਾ ਸਮੀਖਿਆ ਇੱਕ ਵਧੀਆ ਅਭਿਆਸ ਹੈ। ਤੇਜ਼ੀ ਨਾਲ ਬਦਲ ਰਹੇ ਮਾਹੌਲ ਵਿੱਚ, ਵਧੇਰੇ ਵਾਰ ਸਮੀਖਿਆ ਕਰਨ ਦੀ ਲੋੜ ਹੋ ਸਕਦੀ ਹੈ।
- ਸ਼ਿਕਾਇਤਾਂ, ਚਿੰਤਾਵਾਂ ਅਤੇ ਸੁਰੱਖਿਆ ਦੀਆਂ ਘਟਨਾਵਾਂ ਨੂੰ ਦੇਖਣਾ ਸਮੀਖਿਆ ਲਈ ਮਹੱਤਵਪੂਰਨ ਹੈ, ਤੁਹਾਡੀ ਸੰਸਥਾ ਦੀਆਂ ਬਾਲ ਸੁਰੱਖਿਅਤ ਪ੍ਰਣਾਲੀਆਂ ਅਤੇ ਕੰਮ ਕਰਨ ਦੇ ਤਰੀਕਿਆਂ ਦੀ ਪ੍ਰਭਾਵਸ਼ੀਲਤਾ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ, ਅਤੇ ਉਹਨਾਂ ਖੇਤਰਾਂ ਦੀ ਪਛਾਣ ਕਰਨ ਵਿੱਚ ਮੱਦਦ ਕਰ ਸਕਦਾ ਹੈ ਜਿੱਥੇ ਹੋਰ ਸ਼ੋਸ਼ਣ ਜਾਂ ਨੁਕਸਾਨ ਨੂੰ ਰੋਕਣ ਲਈ ਤਬਦੀਲੀਆਂ ਦੀ ਲੋੜ ਹੈ।
- ਸ਼ਿਕਾਇਤਾਂ, ਚਿੰਤਾਵਾਂ ਅਤੇ ਸੁਰੱਖਿਆ ਘਟਨਾਵਾਂ ਦੇ ਤੁਹਾਡੇ ਵਿਸ਼ਲੇਸ਼ਣ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ:
  - ਹਰੇਕ ਮਾਮਲੇ ਦੇ ਪਿੱਛੇ ਮੂਲ ਕਾਰਨ ਜਾਂ ਮੁੱਦੇ
  - ਤੁਹਾਡੀਆਂ ਨੀਤੀਆਂ, ਪ੍ਰਕਿਰਿਆਵਾਂ ਜਾਂ ਕੰਮ ਕਰਨ ਦੇ ਤਰੀਕਿਆਂ ਵਿੱਚ ਪਾੜੇ ਜਾਂ ਅਸਫ਼ਲਤਾਵਾਂ ਦੇ ਕੋਈ ਸੰਕੇਤ
  - ਵਿਹਾਰਾਂ, ਕੰਮ ਕਰਨ ਦੇ ਤਰੀਕਿਆਂ, ਘਟਨਾਵਾਂ ਜਾਂ ਨਜ਼ਦੀਕੀ ਖੁੰਝਣ ਦੇ ਪੈਟਰਨ
  - ਕੋਈ ਵੀ ਸੰਕੇਤ ਜੋ ਤੁਹਾਡੀ ਸੰਸਥਾ ਦੇ ਲੋਕ ਸ਼ਾਇਦ ਇਹ ਨਾ ਸਮਝ ਸਕਣ ਕਿ ਤੁਹਾਡੀਆਂ ਬਾਲ ਸੁਰੱਖਿਅਤ ਨੀਤੀਆਂ ਦੀ ਪਾਲਣਾ ਕਿਵੇਂ ਕਰਨੀ ਹੈ
  - ਪਛਾਣੇ ਗਏ ਮੁੱਦਿਆਂ ਨੂੰ ਹੱਲ ਕਰਨ ਲਈ ਕੀ ਬਦਲਣ ਦੀ ਲੋੜ ਹੈ।

- ਸਮੀਖਿਆ ਦੇ ਨਤੀਜਿਆਂ ਦੀ ਰਿਪੋਰਟ ਕਰਦੇ ਸਮੇਂ ਤੁਹਾਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਤੁਸੀਂ ਕਿਵੇਂ:
  - ਖੋਜਾਂ ਨੂੰ ਸਮੇਂ ਸਿਰ ਸਾਂਝਾ ਕਰੋ ਤਾਂ ਜੋ ਉਹ ਮੌਜੂਦਾ ਅਤੇ ਅਰਥਪੂਰਨ ਰਹਿਣ
  - ਖੋਜਾਂ ਨੂੰ ਉਮਰ-ਮੁਤਾਬਕ ਢੁੱਕਵੇਂ ਤਰੀਕਿਆਂ ਨਾਲ ਸੰਚਾਰ ਕਰੋ ਅਤੇ ਇਹ ਯਕੀਨੀ ਬਣਾਓ ਕਿ ਉਹਨਾਂ ਤੱਕ ਪਹੁੰਚ ਕਰਨਾ ਅਤੇ ਸਮਝਣਾ ਆਸਾਨ ਹੈ
  - ਸਮੀਖਿਆਵਾਂ ਤੋਂ ਮਿਲੀਆਂ ਸਿੱਖਿਆਵਾਂ ਨੂੰ ਸਾਂਝਾ ਕਰੋ ਅਤੇ ਬੱਚਿਆਂ ਦੇ ਸੁਰੱਖਿਅਤ ਕੰਮ ਕਰਨ ਦੇ ਤਰੀਕਿਆਂ ਜਾਂ ਪ੍ਰਣਾਲੀਆਂ ਨੂੰ ਬਦਲਣ ਜਾਂ ਅੱਪਡੇਟ ਕਰਨ ਅਤੇ ਤਬਦੀਲੀਆਂ ਕਦੋਂ ਹੋਣਗੀਆਂ, ਅਤੇ/ਜਾਂ ਹੋਰ ਸਮੀਖਿਆਵਾਂ ਦੀ ਰੂਪਰੇਖਾ ਬਣਾਓ।
  - ਲੋਕਾਂ ਦੀ ਗੁਪਤਤਾ ਦੀ ਸੁਰੱਖਿਆ ਕਰਨਾ ਅਤੇ ਕਾਨੂੰਨ ਦੁਆਰਾ ਲੋੜ ਅਨੁਸਾਰ ਗੁਪਤਤਾ ਨੂੰ ਬਰਕਰਾਰ ਰੱਖਣਾ ਯਾਦ ਰੱਖੋ ਜਾਂ ਜਿੱਥੇ ਤੁਸੀਂ ਅਜਿਹਾ ਕਰਨ ਲਈ ਵਚਨਬੱਧ ਕੀਤਾ ਹੈ
  - ਇਸ ਗੱਲ 'ਤੇ ਵਿਚਾਰ ਕਰੋ ਕਿ ਸਮੀਖਿਆ 'ਤੇ ਜਨਤਕ ਤੌਰ 'ਤੇ ਰਿਪੋਰਟ ਕਰਨਾ ਹਵਾਲਾ ਦਿੱਤੀ ਗਈ ਕਿਸੇ ਵੀ ਘਟਨਾ ਵਿੱਚ ਸ਼ਾਮਲ ਧਿਰਾਂ 'ਤੇ ਕਿਵੇਂ ਪ੍ਰਭਾਵ ਪਾ ਸਕਦਾ ਹੈ - ਖ਼ਾਸ ਤੌਰ 'ਤੇ ਕਿਸੇ ਵੀ ਪੀੜਤ-ਬਚਣ ਵਾਲਿਆਂ ਨੂੰ ਚੇਤਾਵਨੀ ਦੇਣ ਦੀ ਜ਼ਰੂਰਤ 'ਤੇ ਵਿਚਾਰ ਕਰੋ ਕਿ ਰਿਪੋਰਟ ਪ੍ਰਕਾਸ਼ਿਤ ਕੀਤੀ ਜਾਵੇਗੀ।

## ਨਿਯਮ-ਕਾਨੂੰਨ ਪਾਲਣਾ ਸੂਚਕ

### ਇਸ ਮਿਆਰ ਦਾ ਮੁਲਾਂਕਣ ਕਰਨ ਵੇਲੇ ਕਮਿਸ਼ਨ ਕੀ ਦੇਖੇਗਾ?

ਸੰਸਥਾਵਾਂ ਸੁਭਾਵਿਕ ਤੌਰ 'ਤੇ ਕਾਨੂੰਨ ਪਾਲਣਾ ਕਰ ਰਹੀਆ ਹੋਣਗੀਆਂ ਜੇਕਰ ਉਹ ਇਸ ਤਰੀਕੇ ਨਾਲ ਇਹ ਦਸਤਾਵੇਜ਼ ਤਿਆਰ ਕਰਦੇ ਹਨ ਅਤੇ ਇਨ੍ਹਾਂ ਕਾਰਵਾਈਆਂ ਨੂੰ ਕਰਦੇ ਹਨ ਜੋ ਉਸ ਸੰਸਥਾ ਨੂੰ ਇਸ ਮਿਆਰ ਨੂੰ ਹਾਸਿਲ ਕਰਨ ਵਿੱਚ ਮੱਦਦ ਕਰਦਾ ਹੈ।[25]

### ਦਸਤਾਵੇਜ਼

- ਸਾਰੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਦੀ ਨਿਯਮਤ ਸਮੀਖਿਆ ਦੀ ਮਿਆਦ ਦਸਤਾਵੇਜ਼ ਵਿੱਚ ਦਰਸਾਈ ਗਈ ਹੈ। (10.1)
- ਰਿਪੋਰਟਾਂ ਕਿਸੇ ਵੀ ਬਾਲ ਸੁਰੱਖਿਆ ਅਤੇ ਤੰਦਰੁਸਤੀ ਦੀਆਂ ਸਮੀਖਿਆਵਾਂ ਅਤੇ ਖੋਜਾਂ ਦਾ ਦਸਤਾਵੇਜ਼ ਬਣਾਉਂਦੀਆਂ ਹਨ। (10.3)

### ਕਾਰਵਾਈਆਂ

- ਸ਼ਿਕਾਇਤਾਂ, ਚਿੰਤਾਵਾਂ, ਦੋਸ਼ਾਂ ਅਤੇ ਜਵਾਬ ਦੇਣ ਲਈ ਕੀਤੀਆਂ ਕਾਰਵਾਈਆਂ ਦੇ ਰਿਕਾਰਡ ਰੱਖੇ ਜਾਂਦੇ ਹਨ। (10.1, 10.2, 10.3)
- ਸ਼ਿਕਾਇਤਾਂ, ਚਿੰਤਾਵਾਂ, ਸੁਰੱਖਿਆ ਦੀਆਂ ਘਟਨਾਵਾਂ ਜਾਂ ਨੀਤੀ (ਜਿਵੇਂ ਕਿ ਆਚਾਰ ਸੰਹਿਤਾ) ਦੀਆਂ ਮਹੱਤਵਪੂਰਨ ਉਲੰਘਣਾਵਾਂ ਦੀ ਇਹ ਸਮਝਣ ਲਈ ਜਾਂਚ ਕੀਤੀ ਜਾਂਦੀ ਹੈ ਕਿ ਉਸ ਸਮੱਸਿਆ ਦਾ ਕਾਰਨ ਕੀ ਹੈ ਅਤੇ ਕੀ ਸੰਸਥਾ ਦੀਆਂ ਨੀਤੀਆਂ, ਪ੍ਰਕਿਰਿਆਵਾਂ ਅਤੇ ਕੰਮ ਕਰਨ ਦੇ ਤਰੀਕਿਆਂ ਵਿੱਚ ਕੋਈ ਕਮੀਆਂ ਹਨ ਜੋ ਉਸ ਸਮੱਸਿਆ ਵਿੱਚ ਯੋਗਦਾਨ ਪਾਉਂਦੀਆਂ ਹਨ। ਜਿੱਥੇ ਕਮੀਆਂ ਜਾਂ ਅਸਫ਼ਲਤਾਵਾਂ ਦੀ ਪਛਾਣ ਕੀਤੀ ਜਾਂਦੀ ਹੈ, ਉੱਥੇ ਉਸ ਸਮੱਸਿਆ ਨੂੰ ਦੁਬਾਰਾ ਵਾਪਰਨ ਤੋਂ ਰੋਕਣ ਲਈ ਸੁਧਾਰ ਕੀਤੇ ਜਾਂਦੇ ਹਨ। (10.1, 10.2)

---

[25] ਤੁਹਾਡੀ ਸੰਸਥਾ ਦੇ ਸੁਭਾਅ ਜਾਂ ਵਿਸ਼ੇਸ਼ਤਾਵਾਂ ਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਨੂੰ ਇਸ ਗਾਈਡ ਵਿੱਚ ਪ੍ਰਸਤਾਵਿਤ ਚੀਜ਼ਾਂ ਤੋਂ ਕੁੱਝ ਵੱਖਰਾ ਕਰਨ ਦੀ ਲੋੜ ਹੈ। ਜੇਕਰ ਅਜਿਹਾ ਹੈ, ਤਾਂ ਤੁਹਾਨੂੰ ਇਹ ਦੱਸਣਾ ਪੈ ਸਕਦਾ ਹੈ ਕਿ ਤੁਹਾਡੀ ਪਹੁੰਚ ਨਤੀਜਿਆਂ ਅਤੇ ਮਿਆਰਾਂ ਦੀਆਂ ਘੱਟੋ-ਘੱਟ ਲੋੜਾਂ ਦੀ ਕਿਵੇਂ ਪਾਲਣਾ ਕਰਦੀ ਹੈ। ਕੁੱਝ ਸੈਕਟਰਾਂ ਅਤੇ ਸੰਸਥਾਵਾਂ ਕੋਲ ਸਹਿ-ਰੈਗੂਲੇਟਰ ਹਨ ਜਿਨ੍ਹਾਂ ਨੇ ਵਿਸ਼ੇਸ਼ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹੋਏ ਹਨ। ਜਿੱਥੇ ਇਨ੍ਹਾਂ ਮਿਆਰਾਂ 'ਤੇ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ ਤੁਹਾਡੀ ਸੰਸਥਾ 'ਤੇ ਲਾਗੂ ਹੁੰਦੇ ਹਨ, ਅਤੇ ਇਸ ਗਾਈਡ ਤੋਂ ਵੱਖਰੀ ਹੈ, ਤੁਹਾਡੀ ਸੰਸਥਾ ਨੂੰ ਉਸ ਸੈਕਟਰ ਵਿੱਚ ਆਪਣੇ ਕੰਮਕਾਜ ਲਈ ਉਸ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

- ਸੰਸਥਾ ਨਿਯਮਿਤ ਤੌਰ 'ਤੇ ਨੀਤੀਆਂ, ਪ੍ਰਕਿਰਿਆਵਾਂ ਅਤੇ ਕੰਮ ਕਰਨ ਦੇ ਬਾਲ ਸੁਰੱਖਿਅਤ ਤਰੀਕਿਆਂ ਦੀ ਸਮੀਖਿਆ ਕਰਦੀ ਹੈ, ਅਤੇ ਇਨ੍ਹਾਂ ਹੇਠ ਲਿਖੀਆਂ ਗੱਲਾਂ 'ਤੇ ਵਿਚਾਰ ਕਰਦੇ ਹੋਏ ਸੁਧਾਰ ਕਰਦੀ ਹੈ:
  - ਸ਼ਿਕਾਇਤਾਂ, ਚਿੰਤਾਵਾਂ, ਸੁਰੱਖਿਆ ਦੀਆਂ ਘਟਨਾਵਾਂ ਅਤੇ ਨੀਤੀ ਦੀਆਂ ਮਹੱਤਵਪੂਰਨ ਉਲੰਘਣਾਵਾਂ ਦੇ ਵਿਸ਼ਲੇਸ਼ਣ 'ਤੇ
  - ਸਟਾਫ਼, ਵਾਲੰਟੀਅਰਾਂ, ਬੱਚਿਆਂ, ਪਰਿਵਾਰਾਂ ਅਤੇ ਭਾਈਚਾਰਿਆਂ ਤੋਂ ਮੰਗੀ ਗਈ ਫੀਡਬੈਕ 'ਤੇ
  - ਕਿ ਕੀ ਸੰਸਥਾ ਨੇ ਬਾਲ ਸੁਰੱਖਿਆ ਮਿਆਰਾਂ ਵਿੱਚੋਂ ਹਰੇਕ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਹੈ ਜਾਂ ਨਹੀਂ। (10.1, 10.2 ਅਤੇ ਮਿਆਰ 3 ਅਤੇ 4.3 ਦੇ ਲਿੰਕ)
- ਸੰਸਥਾ ਦੇ ਬਾਲ ਸੁਰੱਖਿਅਤ ਕੰਮ ਕਰਨ ਦੇ ਤਰੀਕਿਆਂ ਦੀਆਂ ਲੱਭਤਾਂ ਅਤੇ ਸਮੀਖਿਆਵਾਂ ਦੇ ਜਵਾਬ ਵਿੱਚ ਕੀਤੀਆਂ ਕਾਰਵਾਈਆਂ ਬਾਰੇ ਰਿਪੋਰਟਾਂ ਸਟਾਫ਼, ਵਾਲੰਟੀਅਰਾਂ, ਬੱਚਿਆਂ, ਪਰਿਵਾਰਾਂ ਅਤੇ ਭਾਈਚਾਰਿਆਂ ਨਾਲ ਸਾਂਝੀਆਂ ਕੀਤੀਆਂ ਜਾਂਦੀਆਂ ਹਨ। (10.3)

# ਮਿਆਰ 11: ਨੀਤੀਆਂ ਅਤੇ ਪ੍ਰਕਿਰਿਆਵਾਂ ਵਿੱਚ ਦਸਤਾਵੇਜ਼ੀਕਰਨ ਹੈ ਕਿ ਸੰਸਥਾ ਬੱਚਿਆਂ ਅਤੇ ਯੁਵਾਵਾਂ ਲਈ ਕਿਵੇਂ ਸੁਰੱਖਿਅਤ ਹੈ

**ਬਾਲ ਸੁਰੱਖਿਆ ਮਿਆਰ 11 ਦੀ ਪਾਲਣਾ ਕਰਦੇ ਹੋਏ, ਇੱਕ ਸੰਸਥਾ ਦਾ, ਘੱਟੋ-ਘੱਟ, ਇਹ ਯਕੀਨੀ ਬਣਾਉਣਾ ਲਾਜ਼ਮੀ ਹੈ ਕਿ:**

11.1 ਨੀਤੀਆਂ ਅਤੇ ਪ੍ਰਕਿਰਿਆਵਾਂ ਸਾਰੇ ਬਾਲ ਸੁਰੱਖਿਆ ਮਿਆਰਾਂ ਨੂੰ ਸੰਬੋਧਿਤ ਕਰਦੀਆਂ ਹਨ।

11.2 ਨੀਤੀਆਂ ਅਤੇ ਪ੍ਰਕਿਰਿਆਵਾਂ ਦਸਤਾਵੇਜ਼ ਅਤੇ ਸਮਝਣ ਵਿੱਚ ਆਸਾਨ ਹਨ।

11.3 ਵਧੀਆ ਅਭਿਆਸ ਮਾਡਲ ਅਤੇ ਹਿੱਸੇਦਾਰ ਸਲਾਹ-ਮਸ਼ਵਰੇ ਨੀਤੀਆਂ ਅਤੇ ਪ੍ਰਕਿਰਿਆਵਾਂ ਦੇ ਵਿਕਾਸ ਬਾਰੇ ਸੂਚਿਤ ਕਰਦੇ ਹਨ।

11.4 ਆਗੂ ਨੀਤੀਆਂ ਅਤੇ ਪ੍ਰਕਿਰਿਆਵਾਂ ਨਾਲ ਨਿਯਮ-ਕਾਨੂੰਨ ਪਾਲਣਾ ਦਾ ਸਮਰਥਨ ਅਤੇ ਪ੍ਰਦਰਸ਼ਨ ਕਰਦੇ ਹਨ।

11.5 ਸਟਾਫ਼ ਅਤੇ ਵਾਲੰਟੀਅਰ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਸਮਝਦੇ ਅਤੇ ਲਾਗੂ ਕਰਦੇ ਹਨ।

## ਮੁੱਖ ਨੁਕਤੇ

- ਸਾਰੇ ਮਾਪਦੰਡਾਂ ਨੂੰ ਲਾਗੂ ਕਰਨ ਲਈ ਨੀਤੀਆਂ ਅਤੇ ਪ੍ਰਕਿਰਿਆਵਾਂ ਦਾ ਦਸਤਾਵੇਜ਼ੀਕਰਨ ਸੰਸਥਾ ਨਾਲ ਜੁੜੇ ਹਰੇਕ ਵਿਅਕਤੀ ਨੂੰ ਸੁਨੇਹਾ ਭੇਜਦਾ ਹੈ ਕਿ ਬਾਲ ਸੁਰੱਖਿਆ ਮਹੱਤਵਪੂਰਨ ਹੈ। ਕੰਮ ਕਰਨ ਦੇ ਤਰਜੀਹੀ ਤਰੀਕਿਆਂ ਨੂੰ ਮਨ ਵਿੱਚ ਰੱਖਣਾ ਜਾਂ ਇਹ ਵਿਸ਼ਵਾਸ ਕਰਨਾ ਕਾਫ਼ੀ ਨਹੀਂ ਹੈ ਕਿ ਸੰਸਥਾ ਵਿੱਚ ਹਰ ਕੋਈ ਪਹਿਲਾਂ ਹੀ ਸਹੀ ਕੰਮ ਕਰ ਰਿਹਾ ਹੈ। ਨਿਯਮਾਂ ਅਤੇ ਉਮੀਦਾਂ ਨੂੰ ਪਾਲਿਸੀ ਵਿੱਚ ਲਿਖਣ ਅਤੇ ਰਸਮੀ ਬਣਾਉਣ ਦੀ ਲੋੜ ਹੁੰਦੀ ਹੈ ਤਾਂ ਜੋ ਉਹਨਾਂ ਨੂੰ ਸਾਂਝਾ ਕੀਤਾ ਜਾ ਸਕੇ ਅਤੇ ਉਹਨਾਂ ਦੀ ਵਰਤੋਂ ਤੁਹਾਡੇ ਸਾਰੇ ਸੰਸਥਾ ਵਿੱਚ ਲਗਾਤਾਰ ਬਾਲ ਸੁਰੱਖਿਆ ਨੂੰ ਲਾਗੂ ਕਰਨ ਲਈ ਕੀਤੀ ਜਾ ਸਕੇ।
- ਨੀਤੀਆਂ ਅਤੇ ਪ੍ਰਕਿਰਿਆਵਾਂ ਤੁਹਾਡੀ ਸੰਸਥਾ ਦੇ ਅੰਦਰਲੇ ਲੋਕਾਂ ਨੂੰ ਇਹ ਵਰਣਨ ਕਰਨ ਦੁਆਰਾ ਮਾਰਗਦਰਸ਼ਨ ਕਰਨਗੀਆਂ ਕਿ ਸੰਸਥਾ ਕਿਵੇਂ ਤੰਦਰੁਸਤੀ ਨੂੰ ਵਧਾਵਾ ਦਿੰਦੀ ਹੈ ਅਤੇ ਬੱਚਿਆਂ ਦੀ ਸੁਰੱਖਿਆ ਸੰਬੰਧੀ ਮੁੱਦਿਆਂ ਨੂੰ ਰੋਕਦੀ ਹੈ ਅਤੇ ਜਵਾਬ ਦਿੰਦੀ ਹੈ। 'ਨੀਤੀਆਂ' ਸੰਸਥਾ ਦੇ ਦਸਤਾਵੇਜ਼ੀ ਨਿਯਮ, ਉਮੀਦਾਂ ਅਤੇ ਅਹੁਦੇ ਹਨ। 'ਪ੍ਰਕ੍ਰਿਆਵਾਂ' ਦਸਤਾਵੇਜ਼ੀ ਕਾਰਵਾਈਆਂ ਅਤੇ ਪ੍ਰਕਿਰਿਆਵਾਂ ਹਨ ਜੋ ਸੰਸਥਾ ਦੀਆਂ ਨੀਤੀਆਂ ਨੂੰ ਲਾਗੂ ਕਰਦੀਆਂ ਹਨ।
- ਬਾਲ ਸੁਰੱਖਿਆ ਦੇ ਕੁੱਝ ਮੁੱਦਿਆਂ ਦਾ ਜਵਾਬ ਦੇਣ ਵਿੱਚ ਗੁੰਝਲਦਾਰ ਹੋ ਸਕਦਾ ਹੈ, ਪਰ ਤੁਹਾਨੂੰ ਆਪਣੀ ਸੰਸਥਾ ਦੀਆਂ ਨੀਤੀਆਂ ਨੂੰ ਜਿੰਨਾ ਸੰਭਵ ਹੋ ਸਕੇ ਲਿਖਤ ਰੂਪ ਵਿੱਚ ਰੱਖਣਾ ਚਾਹੀਦਾ ਹੈ। ਨੀਤੀਆਂ ਨੂੰ ਵਰਤੋਂਕਾਰਾਂ ਨੂੰ ਧਿਆਨ ਵਿੱਚ ਰੱਖ ਕੇ ਲਿਖਿਆ ਜਾਣਾ ਚਾਹੀਦਾ ਹੈ, ਅਜਿਹੀ ਭਾਸ਼ਾ ਦੀ ਵਰਤੋਂ ਕਰਨ ਦਾ ਧਿਆਨ ਰੱਖਦੇ ਹੋਏ ਜੋ ਹਰ ਕਿਸੇ ਲਈ ਪਹੁੰਚਯੋਗ ਹੋਵੇ ਜਿਸਨੂੰ ਇਸਨੂੰ ਸਮਝਣ ਦੀ ਲੋੜ ਹੈ।
- ਪ੍ਰਭਾਵੀ ਨੀਤੀਆਂ ਬਣਾਉਣਾ ਮੁਸ਼ਕਲ ਹੈ ਜੇ ਉਹ ਇਕੱਲੇਪਣ ਵਿੱਚ ਵਿਕਸਤ ਕੀਤੀਆਂ ਜਾਂਦੀਆਂ ਹਨ - ਜਿਨ੍ਹਾਂ ਲੋਕਾਂ ਨੂੰ ਇਨ੍ਹਾਂ ਨੂੰ ਲਾਗੂ ਕਰਨ ਦੀ ਲੋੜ ਪੈਂਦੀ ਹੈ ਅਤੇ ਜਿਹੜੇ ਲੋਕ ਇਨ੍ਹਾਂ ਦੁਆਰਾ ਪ੍ਰਭਾਵਿਤ ਹੁੰਦੇ ਹਨ ਉਨ੍ਹਾਂ ਨਾਲ ਇਨ੍ਹਾਂ ਦੇ ਵਿਕਾਸ ਬਾਰੇ ਸਲਾਹ ਕੀਤੀ ਜਾਣੀ ਚਾਹੀਦੀ ਹੈ। ਸੰਸਥਾਵਾਂ ਨੂੰ ਨੀਤੀਆਂ ਅਤੇ ਪ੍ਰਕਿਰਿਆਵਾਂ ਦੇ ਵਿਕਾਸ ਵਿੱਚ ਬੱਚਿਆਂ, ਪਰਿਵਾਰਾਂ ਅਤੇ ਭਾਈਚਾਰਿਆਂ ਨੂੰ ਆਪਣੀ ਰਾਏ ਦੇਣ ਦਾ ਮੌਕਾ ਦੇਣਾ ਚਾਹੀਦਾ ਹੈ।
- ਜ਼ਿਆਦਾਤਰ ਬਾਲ ਸੁਰੱਖਿਆ ਮਾਮਲੇ ਵਿਲੱਖਣ ਨਹੀਂ ਹੁੰਦੇ ਹਨ ਅਤੇ ਹੋਰ ਸੰਸਥਾਵਾਂ, ਉੱਚ ਸੰਸਥਾਵਾਂ, ਮਾਹਰਾਂ ਅਤੇ ਅਕਾਦਮਿਕਾਂ ਦੁਆਰਾ ਪਹਿਲਾਂ ਵੀ ਵਿਚਾਰੇ ਗਏ ਹੁੰਦੇ ਹਨ। ਦੂਸਰਿਆਂ ਦੇ ਤਜ਼ਰਬੇ ਦੁਆਰਾ ਪ੍ਰਦਾਨ ਕੀਤੀ

ਗਈ ਜਾਣਕਾਰੀ, ਅਤੇ ਉਪਲਬਧ ਖੋਜ ਅਤੇ ਲਿਖਤੀ ਮਾਰਗਦਰਸ਼ਨ, ਤੁਹਾਡੀ ਸੰਸਥਾ ਨੂੰ ਬੱਚਿਆਂ ਲਈ ਸਭ ਤੋਂ ਵਧੀਆ ਨਤੀਜੇ ਦੇਣ ਵਿੱਚ ਮੱਦਦ ਕਰ ਸਕਦੀ ਹੈ।

- ਚੈਂਪਿਅਨਿੰਗ ਅਤੇ ਮਾਡਲਿੰਗ ਦੀ ਪਾਲਣਾ ਦਾ ਮਤਲਬ ਹੈ ਕਿ ਆਗੂ ਬਾਲ ਸੁਰੱਖਿਆ ਅਤੇ ਤੰਦਰੁਸਤੀ ਦੇ ਮਹੱਤਵ 'ਤੇ ਇੱਕ ਕਿਰਿਆਸ਼ੀਲ, ਸਪੱਸ਼ਟ ਪਹੁੰਚ ਅਪਣਾਉਂਦੇ ਹਨ। ਆਗੂ ਬੱਚਿਆਂ ਦੀ ਸੁਰੱਖਿਆ ਦੇ ਮਾਮਲਿਆਂ ਨੂੰ ਗੰਭੀਰਤਾ ਨਾਲ ਲੈਣ, ਤੁਰੰਤ ਅਤੇ ਚੰਗੀ ਤਰ੍ਹਾਂ ਜਵਾਬ ਦੇਣ, ਅਤੇ ਸਟਾਫ਼ ਅਤੇ ਵਾਲੰਟੀਅਰਾਂ ਨੂੰ ਪੂਰੀ ਸੰਸਥਾ ਵਿੱਚ ਬਾਲ ਸੁਰੱਖਿਅਤ ਕੰਮ ਕਰਨ ਦੇ ਤਰੀਕਿਆਂ ਨੂੰ ਸ਼ਾਮਲ ਕਰਨ ਲਈ ਲੋੜੀਂਦੇ ਸਮੇਂ ਅਤੇ ਸਰੋਤ ਪ੍ਰਦਾਨ ਕਰਨ ਵਿੱਚ 'ਵਾਕ ਦ ਟਾਕ' ਕਰਦੇ ਹਨ।
- ਤੁਹਾਡੀ ਸੰਸਥਾ ਵਿੱਚ ਸਟਾਫ਼ ਅਤੇ ਵਾਲੰਟੀਅਰ ਇੱਕ ਬਾਲ ਸੁਰੱਖਿਅਤ ਸੰਸਥਾ ਬਣਾਉਣ ਦਾ ਇੱਕ ਮਹੱਤਵਪੂਰਨ ਹਿੱਸਾ ਹਨ ਅਤੇ ਉਹਨਾਂ ਨੂੰ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਅਮਲ ਵਿੱਚ ਲਿਆਉਣ ਲਈ ਲੋੜੀਂਦੀ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ।

## ਨਿਯਮ-ਕਾਨੂੰਨ ਪਾਲਣਾ ਸੂਚਕ

### ਇਸ ਮਿਆਰ ਦਾ ਮੁਲਾਂਕਣ ਕਰਨ ਵੇਲੇ ਕਮਿਸ਼ਨ ਕੀ ਦੇਖੇਗਾ?

ਸੰਸਥਾਵਾਂ ਸੁਭਾਵਿਕ ਤੌਰ 'ਤੇ ਕਾਨੂੰਨ ਪਾਲਣਾ ਕਰ ਰਹੀਆ ਹੋਣਗੀਆਂ ਜੇਕਰ ਉਹ ਇਸ ਤਰੀਕੇ ਨਾਲ ਇਹ ਦਸਤਾਵੇਜ਼ ਤਿਆਰ ਕਰਦੇ ਹਨ ਅਤੇ ਇਨ੍ਹਾਂ ਕਾਰਵਾਈਆਂ ਨੂੰ ਕਰਦੇ ਹਨ ਜੋ ਉਸ ਸੰਸਥਾ ਨੂੰ ਇਸ ਮਿਆਰ ਨੂੰ ਹਾਸਿਲ ਕਰਨ ਵਿੱਚ ਮੱਦਦ ਕਰਦਾ ਹੈ।[26]

### ਦਸਤਾਵੇਜ਼

- ਬਾਲ ਸੁਰੱਖਿਆ ਅਤੇ ਤੰਦਰੁਸਤੀ ਨੀਤੀ ਹਰੇਕ ਬਾਲ ਸੁਰੱਖਿਆ ਮਿਆਰਾਂ ਦੇ ਸੰਬੰਧ ਵਿੱਚ ਸੰਸਥਾ ਦੀਆਂ ਉਮੀਦਾਂ, ਕੰਮ ਕਰਨ ਦੇ ਤਰੀਕਿਆਂ ਅਤੇ ਪਹੁੰਚ ਨੂੰ ਨਿਰਧਾਰਤ ਕਰਦੀ ਹੈ। (11.1, 11.2 ਅਤੇ 2.3 ਦੇ ਲਿੰਕ)
- ਆਚਾਰ-ਸੰਹਿਤਾ ਸਟਾਫ਼ ਅਤੇ ਵਾਲੰਟੀਅਰਾਂ ਦੇ ਵਿਹਾਰ ਅਤੇ ਜ਼ਿੰਮੇਵਾਰੀਆਂ ਲਈ ਉਮੀਦਾਂ ਨਿਰਧਾਰਤ ਕਰਦੀ ਹੈ। (11.1, 11.2 ਅਤੇ 2.4 ਦੇ ਲਿੰਕ)
- ਜ਼ੋਖਮ ਮੁਲਾਂਕਣ ਅਤੇ ਪ੍ਰਬੰਧਨ ਯੋਜਨਾਵਾਂ ਬਾਲ ਸ਼ੋਸ਼ਣ ਅਤੇ ਨੁਕਸਾਨ ਦੇ ਜ਼ੋਖਮਾਂ ਨੂੰ ਸੰਬੋਧਿਤ ਕਰਦੀਆਂ ਹਨ। (11.1, 11.2 ਅਤੇ 9.1 ਅਤੇ 9.3 ਦੇ ਲਿੰਕ)
- ਸ਼ਿਕਾਇਤ ਨਿਪਟਾਰਾ ਨੀਤੀ ਅਤੇ ਪ੍ਰਕਿਰਿਆਵਾਂ ਇਸ ਗੱਲ ਨੂੰ ਸੰਬੋਧਿਤ ਕਰਦੀਆਂ ਹਨ ਕਿ ਸੰਸਥਾ ਸਾਰੀਆਂ ਅੰਦਰੂਨੀ ਅਤੇ ਬਾਹਰੀ ਰਿਪੋਰਟਿੰਗ ਕਰਨ ਸੰਬੰਧੀ ਕਾਨੂੰਨੀ ਜ਼ਿੰਮੇਵਾਰੀਆਂ ਨੂੰ ਕਿਵੇਂ ਜਵਾਬ ਦੇਵੇਗੀ। (11.1, 11.2 ਅਤੇ ਮਿਆਰ 7 ਦੇ ਲਿੰਕ)
- ਸੰਸਥਾਤਮਕ ਭਰਤੀ, ਮਨੁੱਖੀ ਸਾਧਨ ਅਤੇ ਵਲੰਟੀਅਰ ਕਰਨ ਦੀਆਂ ਨੀਤੀਆਂ ਵਿੱਚ ਬੱਚਿਆਂ ਦੀ ਸੁਰੱਖਿਆ ਸਪੱਸ਼ਟ ਫੋਕਸ ਹੁੰਦਾ ਹੈ। (11.1, 11.2 ਅਤੇ ਮਿਆਰ 6 ਦੇ ਲਿੰਕ)
- ਜੇਕਰ ਤੁਹਾਡੀ ਸੰਸਥਾ ਤੀਜੀ ਧਿਰਾਂ ਤੋਂ ਸਹੂਲਤਾਂ ਅਤੇ/ਜਾਂ ਸੇਵਾਵਾਂ ਦਾ ਇਕਰਾਰਨਾਮਾ ਕਰਦੀ ਹੈ, ਤਾਂ ਖ਼ਰੀਦਦਾਰੀ ਨੀਤੀਆਂ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਂਦੀਆਂ ਹਨ। (11.1, 11.2 ਅਤੇ 9.4 ਦੇ ਲਿੰਕ)

[26] ਤੁਹਾਡੀ ਸੰਸਥਾ ਦੇ ਸੁਭਾਅ ਜਾਂ ਵਿਸ਼ੇਸ਼ਤਾਵਾਂ ਦਾ ਮਤਲਬ ਇਹ ਹੋ ਸਕਦਾ ਹੈ ਕਿ ਤੁਹਾਨੂੰ ਇਸ ਗਾਈਡ ਵਿੱਚ ਪ੍ਰਸਤਾਵਿਤ ਚੀਜ਼ਾਂ ਤੋਂ ਕੁੱਝ ਵੱਖਰਾ ਕਰਨ ਦੀ ਲੋੜ ਹੈ। ਜੇਕਰ ਅਜਿਹਾ ਹੈ, ਤਾਂ ਤੁਹਾਨੂੰ ਇਹ ਦੱਸਣਾ ਪੈ ਸਕਦਾ ਹੈ ਕਿ ਤੁਹਾਡੀ ਪਹੁੰਚ ਨਤੀਜਿਆਂ ਅਤੇ ਮਿਆਰਾਂ ਦੀਆਂ ਘੱਟੋ-ਘੱਟ ਲੋੜਾਂ ਦੀ ਕਿਵੇਂ ਪਾਲਣਾ ਕਰਦੀ ਹੈ। ਕੁੱਝ ਸੈਕਟਰਾਂ ਅਤੇ ਸੰਸਥਾਵਾਂ ਕੋਲ ਸਹਿ-ਰੈਗੂਲੇਟਰ ਹਨ ਜਿਨ੍ਹਾਂ ਨੇ ਵਿਸ਼ੇਸ਼ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹੋਏ ਹਨ। ਜਿੱਥੇ ਇਨ੍ਹਾਂ ਮਿਆਰਾਂ 'ਤੇ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ ਤੁਹਾਡੀ ਸੰਸਥਾ 'ਤੇ ਲਾਗੂ ਹੁੰਦੇ ਹਨ, ਅਤੇ ਇਸ ਗਾਈਡ ਤੋਂ ਵੱਖਰੀ ਹੈ, ਤੁਹਾਡੀ ਸੰਸਥਾ ਨੂੰ ਉਸ ਸੈਕਟਰ ਵਿੱਚ ਆਪਣੇ ਕੰਮਕਾਜ ਲਈ ਉਸ ਸਹਿ-ਰੈਗੂਲੇਟਰ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨੀ ਚਾਹੀਦੀ ਹੈ।

## ਕਾਰਵਾਈਆਂ

- ਤੁਹਾਡੀ ਸੰਸਥਾ ਵਿੱਚ ਸ਼ਾਮਲ ਹਰ ਕਿਸੇ ਨਾਲ ਬਾਲ ਸੁਰੱਖਿਆ ਬਾਰੇ ਨਿਯਮਤ ਸਲਾਹ-ਮਸ਼ਵਰਾ ਕੀਤਾ ਜਾਂਦਾ ਹੈ। (11.3 ਅਤੇ ਮਿਆਰ 3 ਅਤੇ 4 ਦੇ ਲਿੰਕ)
- ਸੰਸਥਾ ਬਾਲ ਸੁਰੱਖਿਆ ਨਾਲ ਸੰਬੰਧਿਤ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਵਿਕਸਤ ਕਰਨ, ਸਮੀਖਿਆ ਕਰਨ ਅਤੇ ਅੱਪਡੇਟ ਕਰਨ ਵਿੱਚ ਮੱਦਦ ਕਰਨ ਲਈ ਸਲਾਹ-ਮਸ਼ਵਰੇ ਅਤੇ ਬਾਲ ਸੁਰੱਖਿਆ ਅਤੇ ਤੰਦਰੁਸਤੀ ਬਣਾਉਣ ਬਾਰੇ ਉਪਲਬਧ ਜਾਣਕਾਰੀ ਦੀ ਵਰਤੋਂ ਕਰਦੀ ਹੈ। (11.3)
- ਸੰਸਥਾ ਦੀਆਂ ਨੀਤੀਆਂ ਅਤੇ ਪ੍ਰਕਿਰਿਆਵਾਂ ਸਾਰੇ ਬਾਲ ਸੁਰੱਖਿਆ ਮਿਆਰਾਂ ਨੂੰ ਕਵਰ ਕਰਦੀਆਂ ਹਨ ਅਤੇ ਬੱਚਿਆਂ ਦੀ ਸੁਰੱਖਿਆ ਲਈ ਜ਼ੋਖਮਾਂ ਨੂੰ ਸੰਬੋਧਿਤ ਕਰਦੀਆਂ ਹਨ ਜੋ ਸੰਸਥਾ ਅਤੇ ਇਸਦੇ ਮਾਹੌਲ ਲਈ ਵਿਸ਼ੇਸ਼ ਹਨ। (11.1)
- ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਸਮਝਣਾ ਆਸਾਨ ਹੈ ਅਤੇ ਉਹਨਾਂ ਤੱਕ ਆਸਾਨੀ ਨਾਲ ਪਹੁੰਚ ਕੀਤੀ ਜਾ ਸਕਦੀ ਹੈ। (11.2)

ਕਮਿਸ਼ਨ ਪੂਰੇ ਵਿਕਟੋਰੀਆ ਵਿੱਚ ਜ਼ਮੀਨਾਂ ਦੇ ਪਰੰਪਰਾਗਤ ਮਾਲਕਾਂ ਨੂੰ ਸਤਿਕਾਰ ਨਾਲ ਸਵੀਕਾਰ ਕਰਦਾ ਹੈ ਅਤੇ ਉਹਨਾਂ ਦਾ ਜਸ਼ਨ ਮਨਾਉਂਦਾ ਹੈ ਅਤੇ ਉਹਨਾਂ ਦੇ ਬਜ਼ੁਰਗਾਂ, ਬੱਚਿਆਂ ਅਤੇ ਪਿਛਲੀਆਂ, ਵਰਤਮਾਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਯੁਵਾਵਾਂ ਨੂੰ ਸਤਿਕਾਰ ਦਿੰਦਾ ਹੈ।

© ਬੱਚਿਆਂ ਅਤੇ ਯੁਵਾਵਾਂ ਲਈ ਕਮਿਸ਼ਨ 2023

ਇਹ ਕੰਮ ਕਾਪੀਰਾਈਟ ਹੈ। *ਕਾਪੀਰਾਈਟ ਐਕਟ 1968 (Copyright Act 1968)* ਦੇ ਅਧੀਨ ਵਰਤੋਂ ਆਗਿਆ ਹੋਣ ਤੋਂ ਇਲਾਵਾ ਕਿਸੇ ਵੀ ਹੋਰ ਚੀਜ਼ ਲਈ, Commission for Children and Young People, Level 18, 570 Bourke Street, Melbourne 3000 ਤੋਂ ਅਗਾਊਂ ਲਿਖਤੀ ਆਗਿਆ ਲੈ ਤੋਂ ਬਗ਼ੈਰ ਕਿਸੇ ਵੀ ਪ੍ਰਕਿਰਿਆ ਦੁਆਰਾ ਕਿਸੇ ਵੀ ਹਿੱਸੇ ਨੂੰ ਦੁਬਾਰਾ ਨਹੀਂ ਬਣਾਇਆ ਜਾ ਸਕਦਾ ਹੈ।

**ਬੱਚਿਆਂ ਅਤੇ ਯੁਵਾਵਾਂ ਲਈ ਕਮਿਸ਼ਨ (Commission for Children and Young People)**

Level 18, 570 Bourke Street
Melbourne, Victoria, 3000

DX210229

ਫ਼ੋਨ: 1300 78 29 78
ਈਮੇਲ: contact@ccyp.vic.gov.au
ਵੈੱਬ: ccyp.vic.gov.au

ਸਾਨੂੰ ਇੱਥੇ ਲੱਭੋ:
ਇੰਸਟਾਗ੍ਰਾਮ
ਫ਼ੇਸਬੁੱਕ
ਟਵਿੱਟਰ